ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

ਖ਼ਾਲਸਾ ਅਖ਼ਬਾਰ

੨੨ ਪੋਹ ਸੰਨ ੨੦੨੬ Monday, 05 January

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

# ਮਹਾਰਾਜਾ ਦਲੀਪ ਸਿੰਘ ਦੀ ਰੂਹ...?



ਕਿਸੇ ਦੀ ਕਿਸੇ ਵਿੱਚ ਰੂਹ ਆਉਣ ਤੋਂ ਮੇਰਾ ਭਾਵ ਹੈ ਕੋਈ ਕਿਵੇਂ ਕਿਸੇ ਦਾ ਪ੍ਰੇਰਨਾ ਸਰੋਤ ਬਣ ਜਾਂਦਾ ਹੈ। ਮਹਾਰਾਜਾ ਦਲੀਪ ਸਿੰਘ ਦੇ ਜੀਵਨ ਕਾਲ ਸਮੇਂ ਇਹ ਗੱਲ ਪ੍ਰਚੱਲਿਤ ਹੋ ਗਈ ਸੀ ਕਿ ਉਸ ਵਿਚ ਬਾਬਾ ਰਾਮ ਸਿੰਘ ਜੀ ਨਾਮਧਾਰੀ ਦੀ ਰੂਹ ਆ ਗਈ ਹੈ। ਗੱਲ ਤਾਂ ਇਹ ਸੀ ਕਿ ਜਦੋਂ ਮਹਾਰਾਜਾ ਦਲੀਪ ਸਿੰਘ ਨੂੰ ਪਤਾ ਲੱਗਾ ਕਿ ਟੁਕੜਬੋਚ ਸਿੱਖ ਸਰਦਾਰ ਤਾਂ ਅੰਗਰੇਜ਼ਾਂ ਅੱਗੇ ਪੂਰੀ ਤਰ੍ਹਾਂ ਵਿਕ ਚੁੱਕੇ ਹਨ ਤੇ ਉਸ ਦੀ ਕੋਈ ਸਹਾਇਤਾ ਕਰਨ ਦੀ ਬਜਾਇ ਉਸ ਦੀ ਵਿਰੋਧਤਾ ਕਰ ਰਹੇ ਸਨ ਤੇ ਉਦੋਂ ਉਸ ਨੂੰ ਸਿਰਫ ਨਾਮਧਾਰੀ ਲਹਿਰ ਵਿਚੋਂ ਹੀ ਕੋਈ ਆਸ ਦੀ ਚਿਣਗ ਨਜ਼ਰ ਆਈ।ਜਦੋਂ ਮਹਾਰਾਜਾ ਦਲੀਪ ਸਿੰਘ ਨੇ ਪੰਜਾਬੀਆਂ ਤੇ ਭਾਰਤੀਆਂ ਨੂੰ ਸਹਾਇਤਾ ਕਰਨ ਲਈ ਅਪੀਲ ਕੀਤੀ ਤੇ ਕਿਹਾ ਕਿ ਹਰ ਪੰਜਾਬੀ ਇਕ ਆਨਾ ਮਹੀਨਾ ਅਤੇ ਹਰ ਭਾਰਤੀ ਇਕ ਪੈਸਾ ਮਹੀਨਾ ਸਹਾਇਤਾ ਦੇਵੇ ਤਾਂ ਸਿੱਖਾਂ ਦੀਆਂ ਸਥਾਪਿਤ ਸੰਸਥਾਵਾਂ, ਜੋ ਕਿ ਪੂਰੀ ਤਰ੍ਹਾਂ ਅੰਗਰੇਜ਼ਾਂ ਕੋਲ ਵਿਕ ਚੁੱਕੇ ਸਰਦਾਰਾਂ ਦੇ ਅਸਰ ਹੇਠ ਕੰਮ ਕਰ ਰਹੀਆਂ ਸਨ, ਨੇ ਉਸ ਦੀ ਸਹਾਇਤਾ ਤਾਂ ਕੀ ਕਰਨੀ ਸੀ ਉਲਟਾ ਉਸ ਨੂੰ ਬੁਰਾ ਭਲਾ ਕਿਹਾ ਤੇ ਇਹ ਸਲਾਹ ਦਿੱਤੀ ਕਿ ਉਹ ਜਿਸ ਰਸਤੇ 'ਤੇ ਤੁਰਨਾ ਚਾਹੁੰਦਾ ਹੈ, ਉਸ ਨੂੰ ਛੱਡ ਕੇ ਮਹਾਰਾਣੀ ਵਿਕਟੋਰੀਆ ਤੋਂ ਮਾਫੀ ਮੰਗ ਲਵੇ।ਉਸ ਵੇਲੇ ਸਿਰਫ ਨਾਮਧਾਰੀ ਹੀ ਸਨ, ਜਿਨ੍ਹਾਂ ਨੇ ਪੂਰੀ ਤਰ੍ਹਾਂ ਮਹਾਰਾਜਾ ਦਲੀਪ ਸਿੰਘ ਦਾ ਸਾਥ ਦਿੱਤਾ ਅਤੇ ਜਿੰਨਾ ਪੈਸਾ ਉਸ ਨੇ ਕਿਹਾ ਸੀ, ਉਹ ਵੀ ਇਕੱਠਾ ਕਰਕੇ ਦਿੱਤਾ। ਬਾਬਾ ਰਾਮ ਸਿੰਘ ਜੀ ਦੀ ਰੂਹ ਉਸ ਵਿੱਚ ਆਉਣ ਦਾ ਅਰਥ ਇਹ ਹੀ ਸੀ ਕਿ ਬਾਬਾ ਰਾਮ ਸਿੰਘ ਜੀ ਅਤੇ ਮਹਾਰਾਜ ਦਲੀਪ ਸਿੰਘ ਦੇ ਉਦੇਸ਼ ਇਕੋ ਹੋ ਗਏ ਅਰਥਾਤ ਅੰਗਰੇਜ਼ਾਂ ਨੂੰ ਪੰਜਾਬ ਅਤੇ ਬਾਕੀ ਦੇ ਭਾਰਤ ਵਿਚੋਂ ਬਾਹਰ ਕੱਢ ਕੇ ਖਾਲਸੇਦੇ ਰਾਜ ਦੀ ਮੁੜ ਸਥਾਪਨਾ ਕਰਨਾ। ਜਦੋਂ ਮਹਾਰਾਜਾ ਦਲੀਪ ਸਿੰਘ ਅੰਗਰੇਜ਼ਾਂ ਦੇ ਉੱਚ ਵਰਗ ਦੀ ਐਸ਼ਪ੍ਰਸਤ ਜ਼ਿੰਦਗੀ ਛੱਡ ਕੇ ਇਕ ਸੱਚਾ ਲੋਕਪ੍ਰਸਤ ਤੇ ਦੇਸ ਭਗਤ ਬਣ ਗਿਆ ਤਾਂ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਸ ਵਿਚ ਬਾਬਾ ਰਾਮ ਸਿੰਘ ਜੀ ਦੀ ਰੂਹ ਆ ਗਈ ਹੈ।ਮੈਨੂੰ ਬਚਪਨ ਤੋਂ ਹੀ ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਣੀ ਜਿੰਦਾਂ ਨੇ ਬਹੁਤ ਪ੍ਰਭਾਵਿਤ ਕੀਤਾ ਹੈ। ਬਹੁਤ ਛੋਟੀ ਉਮਰ ਵਿਚ ਹੀ ਮੈਂ ਸਿੱਖ ਇਤਿਹਾਸ ਬਹੁਤ ਗੰਭੀਰਤਾ ਨਾਲ ਪੜ੍ਹਿਆ ਹੈ। 7 ਸਾਲ ਦੀ ਉਮਰ ਵਿਚ ਮੈਂ ਪਹਿਲੀ ਵਾਰ ਸਿੱਖ ਇਤਿਹਾਸ ਪੜ੍ਹਿਆ। ਸਿੱਖਇਤਿਹਾਸ ਦੇ ਖੂਨੀ ਪੱਤਰੇ ਅਤੇ ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਣੀ ਜਿੰਦਾਂ ਦਾ ਇਤਿਹਾਸ ਪੜ੍ਹ ਕੇ ਮੈਨੂੰ ਬਹੁਤ ਵਾਰੀ ਰੋਣਾ ਆ ਜਾਂਦਾ। ਮੈਂ ਪੰਜਾਹ ਸਾਲਾਂ ਤੋਂ ਵੱਧ ਸਮੇਂ ਬਾਅਦ ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਣੀ ਜਿੰਦਾਂ ਦਾ ਇਤਿਹਾਸ ਫਿਰ ਪੜ੍ਹਿਆ ਹੈ ਅਤੇ ਮੈਨੂੰ ਹੈਰਾਨੀ ਹੋਈ ਹੈ ਕਿ ਹੁਣ ਵੀ ਮੇਰੀਆਂ ਅੱਖਾਂ ਵਿੱਚ ਅੱਥਰੂ ਆ ਗਏ। ਖਾਸ ਕਰਕੇ ਦਲੀਪ ਸਿੰਘ ਜਦੋਂ ਆਪਣੇ ਬਚਪਨ ਦੀਆਂ ਯਾਦਾਂ ਦੱਸ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ ਜਦੋਂ ਪਹਿਲੇ-ਅੰਗਰੇਜ਼-ਸਿੱਖ ਯੁੱਧ ਤੋਂ ਬਾਅਦ ਲਾਹੌਰ ਵਿਚ ਇਕ ਵੱਡਾ ਸਮਾਗਮ ਹੋ ਰਿਹਾ ਸੀ, ਜਿਸ ਵਿਚ ਤੇਜਾ ਸਿੰਘ ਨੂੰ ਅੰਗਰੇਜ਼ਾਂ ਵੱਲੋਂ ਰਾਜੇ ਦਾ ਖਿਤਾਬ ਦਿੱਤਾ ਜਾ ਰਿਹਾ ਸੀ, ਜ਼ਾਹਿਰ ਹੈ ਕਿ ਇਹ ਖਿਤਾਬ ਅੰਗਰੇਜ਼ ਉਸ ਨੂੰ ਉਸ ਦੀ ਗੱਦਾਰੀ ਦੇ ਇਨਾਮ ਵਜੋਂ ਦੇ ਰਹੇ ਸਨ, ਜਿਸ ਨੇ ਕਿ ਸਿੱਖ ਫੌਜਾਂ ਦੇ ਕਮਾਂਡਰ ਇਨ-ਚੀਫ ਹੁੰਦੇ ਹੋਏ ਵੀ ਅੰਗਰੇਜ਼ਾਂ ਨੂੰ ਜਿਤਾਉਣ ਤੇ ਸਿੱਖਾਂ ਨੂੰ ਹਰਾਉਣ ਲਈ ਪੂਰਾ ਜ਼ੋਰ ਲਾਇਆ, ਸਮਾਗਮ ਤਾਂ ਹੀ ਪੂਰਨ ਹੁੰਦਾ ਸੀ ਜਦੋਂ ਮਹਾਰਾਜਾ ਉਸ ਦੇ ਸਿਰ 'ਤੇ ਹੱਥ ਰੱਖ ਕੇ ਉਸ ਨੂੰ ਆਸ਼ੀਰਵਾਦ ਦੇਵੇ, ਪਰ ਜਦੋਂ ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਅਜਿਹਾ ਕਰਨ ਲਈ ਕਿਹਾ ਤਾਂ ਮਹਾਰਾਣੀ ਜਿੰਦਾਂ ਨੇ ਦਲੀਪ ਸਿੰਘ ਨੂੰ ਕਿਹਾ ਕਿ ਇਸ ਗੱਦਾਰ ਨੂੰ ਅਸ਼ੀਰਵਾਦ ਨਹੀਂ ਦੇਣਾ। ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਬਹੁਤ ਡਰਾਇਆ ਧਮਕਾਇਆ, ਮਹਾਰਾਣੀ ਜਿੰਦਾਂ ਨੂੰ ਵੀ ਬਹੁਤ ਡਾਂਟਿਆ, ਪ੍ਰੰਤੂ ਮਹਾਰਾਜਾ ਦਲੀਪ ਸਿੰਘ ਨੇ ਅਸ਼ੀਰਵਾਦ ਦੇਣ ਤੋਂ ਇਨਕਾਰ ਕਰ ਦਿੱਤਾ।ਉਸ ਵੇਲੇ ਗੁਲਾਬ ਸਿੰਘ ਨੇ ਕਿਹਾ ਕਿ ਉਹ ਤੇ ਮਹਾਰਾਜਾ ਦਲੀਪ ਸਿੰਘ ਘੋੜ-ਸਵਾਰੀ ਕਰਕੇ ਸ਼ਾਲਾਮਾਰ ਬਾਗ ਜਾਣਗੇ। ਜਦੋਂ ਸ਼ਾਲਾਮਾਰ ਬਾਗ ਪਹੁੰਚੇ ਤਾਂ ਮਹਾਰਾਜਾ ਦਲੀਪ ਸਿੰਘ ਨੇ ਗੁਲਾਬ ਸਿੰਘ ਨੂੰ ਕਿਹਾ ਕਿ ਵਾਪਸ ਲਾਹੌਰ ਚਲੀਏ ਤਾਂ ਗੁਲਾਬ ਸਿੰਘ ਨੇ ਕਿਹਾ ਕਿ ਨਹੀਂ ਰਾਤ ਠਹਿਰਣ ਦਾ ਇੰਤਜ਼ਾਮ ਵੀ ਇੱਥੇ ਹੀ ਹੈ, ਸਵੇਰੇ ਵਾਪਸ ਜਾਵਾਂਗੇ। ਜਦੋਂ ਸਵੇਰੇ ਵਾਪਸ ਆਏ ਤਾਂ ਦਲੀਪ ਸਿੰਘ ਨੂੰ ਉਸ ਦੀ ਮਾਂ ਨਹੀਂ ਦਿਸੀ। ਜਦੋਂ ਉਸ ਨੇ ਪੁੱਛਿਆ ਤਾਂ ਪਤਾ ਲੱਗਾ ਕਿ ਮਹਾਰਾਣੀ ਜਿੰਦਾਂ ਨੂੰ ਗ੍ਰਿਫਤਾਰ ਕਰਕੇ ਸ਼ੇਖੂਪੁਰੇ ਭੇਜ ਦਿੱਤਾ ਗਿਆ ਹੈ। ਮਹਾਰਾਜਾ ਦਲੀਪ ਸਿੰਘ ਕਹਿੰਦਾ ਹੈ ਕਿ ਉਹ ਬਹੁਤ ਹੀ ਉਦਾਸ ਹੋ ਗਿਆ ਕਿਉਂਕਿ ਉਹ ਆਪਣੀ ਮਾਂ ਨੂੰ ਬਹੁਤ ਹੀ ਪਿਆਰ ਕਰਦਾ ਸੀ। ਉਸ ਵੇਲੇ ਮਹਾਰਾਜਾ ਦਲੀਪ ਸਿੰਘ ਦੀ ਉਮਰ 9 ਸਾਲ ਦੇ ਲੱਗਭੱਗ ਸੀ। ਮਹਾਰਾਜਾ ਦਲੀਪ ਸਿੰਘ ਜਦੋਂ ਆਪਣੇ ਬਚਪਨ ਦੀ ਯਾਦ ਬਿਆਨ ਕਰ ਰਿਹਾ ਸੀ ਤਾਂ ਮੈਨੂੰ ਵੀ ਉਹ ਪੀੜ ਮਹਿਸੂਸ ਹੋਈ, ਜੋ ਕਿ ਮਹਾਰਾਜਾ ਦਲੀਪ ਸਿੰਘ ਨੂੰ ਹੋਈ ਸੀ। ਇਕ ਛੋਟੇ ਜਿਹੇ ਬੱਚੇ ਨੂੰ ਉਸ ਦੀ ਮਾਂ ਨਾਲੋਂ ਵਿਛੋੜਨ ਦੀ ਪੀੜ ਮੈਂ ਪੂਰੀ ਤਰ੍ਹਾਂ ਮਹਿਸੂਸ ਕੀਤੀ।ਭਾਵੇਂ ਕਿ ਜਦੋਂ ਬਚਪਨ ਵਿਚ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਦਾ ਲਿਖਿਆ ਸਿੱਖ ਇਤਿਹਾਸ ਪੜ੍ਹਿਆ ਤਾਂ ਉਹ ਵੀ ਲਿਖਦੇ ਹਨ ਕਿ ਜਦੋਂ ਮੈਂ ਸਿੱਖ ਇਤਿਹਾਸ ਦੇ ਦੁਖਾਂਤ ਦਾ ਵੇਰਵਾ ਲਿਖ ਰਿਹਾ ਹਾਂ ਤਾਂ ਮੈਨੂੰ ਵੀ ਰੋਣਾ ਆਉਂਦਾ ਹੈ ਪ੍ਰੰਤੂ ਫਿਰ ਵੀ ਮੈਂ ਕਾਫੀ ਸਮਾਂ ਇਹ ਮਹਿਸੂਸ ਕਰਦਾ ਰਿਹਾ ਕਿ ਸ਼ਾਇਦ ਮੈਂ ਇਸ ਬਾਰੇ ਬਹੁਤ ਸੰਵੇਦਨਸ਼ੀਲ ਹਾਂ।ਪ੍ਰੰਤੂ ਜਦੋਂ ਮੈਂ ਇਕ ਅੰਗਰੇਜ਼ ਲਿਖਾਰੀ ਵੱਲੋਂ ਇਹ ਲਿਖਿਆ ਪੜ੍ਹਿਆ ਕਿ ਜਦੋਂ ਵੀ ਕੋਈ ਸਿੱਖ ਇੰਗਲੈਂਡ ਵਿਚ ਮਹਾਰਾਜਾ ਦਲੀਪ ਸਿੰਘ ਦੀ ਸਮਾਧ 'ਤੇ ਜਾਂਦਾ ਹੈ ਤਾਂ ਉਸ ਨੂੰ ਰੋਣਾ ਆ ਜਾਂਦਾ ਹੈ ਅਤੇ ਜਦੋਂ ਮੈਂ ਕਾਮਰੇਡਾਂ ਦੇ ਬਾਬਾ ਬੋਹੜ ਸੰਤ ਸਿੰਘ ਸੇਖੋਂ ਦੀ ਲਿਖੀ ਇਹ ਗੱਲ ਪੜ੍ਹੀ ਕਿ ਸਿੱਖ ਇਤਿਹਾਸ ਦੇ ਦੁਖਾਂਤ ਨੂੰ ਪੜ੍ਹ ਕੇ ਉਹ ਬਹੁਤ ਵਾਰੀ ਰੋਏ ਹਨ ਤਾਂ ਮੈਨੂੰ ਲੱਗਿਆ ਕਿ ਮੈਂ ਇਸ ਵਿਸ਼ੇ ਬਾਰੇ ਲੋੜ ਤੋਂ ਵੱਧ ਸੰਵੇਦਨਸ਼ੀਲ ਨਹੀਂ ਹਾਂ ਸਗੋਂ ਬਹੁਤ ਸਾਰੇ ਸਿੱਖਾਂ ਤੇ ਪੰਜਾਬੀਆਂ ਨੂੰ ਡੂੰਘਾ ਦੁੱਖ ਹੈ ਕਿ ਸਾਡਾ ਰਾਜ ਚਲਾ ਗਿਆ ਅਤੇ ਅਸੀਂ ਅੰਗਰੇਜ਼ ਦੇ ਗੁਲਾਮ ਹੋ ਗਏ, ਜਿਸ ਗੁਲਾਮੀ ਤੋਂ ਅਸੀਂ ਅੱਜ ਤੱਕ ਮੁਕਤ ਨਹੀਂ ਹੋਏ।ਕਈ ਸਾਲ ਬਾਅਦ ਜਦੋਂ ਮਹਾਰਾਜਾ ਦਲੀਪ ਸਿੰਘ ਨੂੰ ਆਪਣੀ ਬਿਮਾਰ ਅਤੇ ਬੁੱਢੀ ਮਾਂ ਨੂੰ ਕਲਕੱਤੇ ਵਿੱਚ ਮਿਲਣ ਦੀ ਆਗਿਆ ਮਿਲੀ ਤਾਂ ਪੁੱਤਰ ਵਿਯੋਗ ਵਿੱਚ ਰੋ-ਰੋ ਕੇ ਅੰਨ੍ਹੀ ਹੋਈ ਮਹਾਰਾਣੀ ਜਿੰਦਾਂ ਵੱਲੋਂ ਦਲੀਪ ਸਿੰਘ ਨੂੰ ਕਹੀ ਗੱਲ ਮੈਨੂੰ ਇਸ ਤਰ੍ਹਾਂ ਲੱਗਦੀ ਹੈ ਜਿਵੇਂ ਕਿ ਉਹ ਮੈਨੂੰ ਵੀ ਕਹਿ ਰਹੀ ਹੈ। ਮਹਾਰਾਣੀ ਜਿੰਦਾਂ ਨੇ ਕਿਹਾ ਕਿ ਦਲੀਪ ਸਿੰਘ ਸਾਡਾ ਰਾਜਾ ਚਲਾ ਗਿਆ, ਉਸ ਦਾ ਮੈਨੂੰ ਕੋਈ ਦੁੱਖ ਨਹੀਂ, ਸਾਡਾ ਪਰਿਵਾਰ ਚਲਾ ਗਿਆ ਤੇ ਸਾਡਾ ਘਰ-ਬਾਰ ਚਲਾ ਗਿਆ, ਉਸ ਦਾ ਵੀ ਮੈਨੂੰ ਕੋਈ ਦੁੱਖ ਨਹੀਂ ਪ੍ਰੰਤੂ ਅੱਜ ਸਾਡਾ ਧਰਮ ਚਲਾ ਗਿਆ ਹੈ ਇਹ ਮੈਂ ਨਹੀਂ ਸਹਾਰ ਸਕਦੀ। ਉਸ ਨੇ ਕਿਹਾ ਕਿ ਦਲੀਪ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ-ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਚਿਣੇ ਗਏ ਪ੍ਰੰਤੂ ਉਨ੍ਹਾਂ ਨੇ ਆਪਣਾ ਧਰਮ ਨਹੀਂ ਛੱਡਿਆ ਅਤੇ ਤੂੰ ਇਹ ਕੀ ਕੀਤਾ ਹੈ? ਇਸ ਗੱਲ ਨੇ ਕਿੰਨਾ ਕੁ ਅਸਰ ਦਲੀਪ ਸਿੰਘ 'ਤੇ ਕੀਤਾ, ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲੱਗ ਸਕਦਾ ਹੈ ਕਿ ਉਸ ਨੇ ਠਾਕਰ ਸਿੰਘ ਸੰਧਾਵਾਲੀਆ ਤੋਂ ਅੰਮ੍ਰਿਤ ਛਕ ਕੇ ਫਿਰ ਸਿੱਖੀ ਵਿੱਚ ਪ੍ਰਵੇਸ਼ ਕਰ ਲਿਆ।ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਨੇ ਆਪਣੇ ਛੋਟੇ ਜਿਹੇ ਟਾਪੂ ਦੇਸ਼ ਵਿਚ 17000 ਏਕੜਾਂ ਵਿੱਚ ਮਹੱਲ ਬਣਵਾ ਕੇ ਉਸ ਨੂੰ ਖੂਬ ਐਸ਼ ਕਰਵਾਈ। ਉਸ ਦਾ ਬੜਾ ਮਾਣ-ਸਤਿਕਾਰ ਕੀਤਾ, ਸ਼ਾਇਦ ਸਾਰੀ ਬਰਤਾਨਵੀ ਸਲਤਨਤ ਵਿਚ ਮਹਾਰਾਜਾ ਦਲੀਪ ਸਿੰਘ ਹੀ ਇਕਅਜਿਹਾ ਸ਼ਖਸ ਸੀ ਜੋ ਕਿਸੇ ਵੀ ਸਮੇਂ ਮਹਾਰਾਣੀ ਵਿਕਟੋਰੀਆ ਨੂੰ ਮਿਲ ਸਕਦਾ ਸੀ। ਮਹਾਰਾਣੀ ਵਿਕਟੋਰੀਆ ਮਹਾਰਾਜਾ ਦਲੀਪ ਸਿੰਘ ਦਾ ਕਿੰਨਾ ਕੁ ਸਤਿਕਾਰ ਕਰਦੀ ਸੀ, ਇਸ ਗੱਲ ਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਉਸ ਨੇ ਮਹਾਰਾਜਾ ਦਲੀਪ ਸਿੰਘ ਦੀਆਂ ਤਸਵੀਰਾਂ ਆਪਣੇ ਹੱਥਾਂ ਨਾਲ ਬਣਾਈਆਂ। ਇਸ ਸਭ ਕੁੱਝ ਦੇ ਬਾਵਜੂਦ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਦੀ ਮੱਕਾਰੀ, ਦੂਜੀਆਂ ਕੌਮਾਂ ਨੂੰ ਧੋਖੇ ਨਾਲ ਗੁਲਾਮ ਬਣਾਉਣਾ ਅਤੇ ਉਨ੍ਹਾਂ ਦੀ ਲੁੱਟ ਕਰਨੀ, ਬਾਰੇ ਪੂਰਾ ਗਿਆਨ ਹੋ ਗਿਆ।

ਮਹਾਰਾਜਾ ਦਲੀਪ ਸਿੰਘ ਦੇ ਇਹ ਪ੍ਰਭਾਵ ਤੇ ਉਸ ਦੀਆਂ ਅੰਗਰੇਜ਼ਾਂ ਬਾਰੇ ਧਾਰਨਾਵਾਂ ਦਾ ਪਤਾ ਉਸ ਦੇ ਮਹਾਰਾਣੀ ਵਿਕਟੋਰੀਆ ਅਤੇ ਆਪਣੇ ਦੇਸ-ਵਾਸੀਆਂ ਨੂੰ ਲਿਖੇ ਪੱਤਰਾਂ ਤੋਂ ਹੀ ਲੱਗ ਜਾਂਦਾ ਹੈ। ਉਹ ਸਮਝ ਗਿਆ ਸੀ ਕਿ ਅੰਗਰੇਜ਼ ਉਸ ਨੂੰ ਐਸ਼ਪ੍ਰਸਤੀ ਵਿਚ ਪਾ ਕੇ ਉਸ ਨੂੰ ਆਪਣੇ ਲੋਕਾਂ ਨਾਲੋਂ, ਆਪਣੇ ਸੱਭਿਆਚਾਰ ਨਾਲੋਂ ਪੂਰੀ ਤਰ੍ਹਾਂ ਤੋੜਨਾ ਚਾਹੁੰਦੇ ਸਨ। ਟੁਕੜਬੋਚ ਸਰਦਾਰ, ਜਗੀਰਦਾਰ ਤੇ ਸਿੱਖ ਸੰਸਥਾਵਾਂ 'ਤੇ ਕਾਬਜ਼ ਲੋਕ ਪੂਰੀ ਸ਼ਿੱਦਤ ਅਤੇ ਉਤਸ਼ਾਹ ਨਾਲ ਅੰਗਰੇਜ਼ਾਂ ਦੀ ਗੁਲਾਮੀ ਨਿਭਾਅ ਰਹੇ ਸਨ। ਨਾਮਧਾਰੀ ਸਿੱਖ ਹੀ ਇਕ ਅਜਿਹਾ ਵਰਗ ਸੀ, ਜੋ ਕਿ ਪੂਰੀ ਤਰ੍ਹਾਂ ਅੰਗਰੇਜ਼ ਦੀ ਗੁਲਾਮੀ ਤੋਂ ਮੁਕਤ ਹੋਣ ਲਈ ਸੰਘਰਸ਼ ਕਰ ਰਹੇ ਸਨ ਭਾਵੇਂ ਕਿ ਸਾਧਾਰਨ ਸਿੱਖਾਂ ਦੀ ਵੱਡੀ ਬਹੁਗਿਣਤੀ ਅੰਗਰੇਜ਼ ਦੀ ਗੁਲਾਮੀ ਤੋਂ ਮੁਕਤ ਹੋਣ ਲਈ ਸੰਘਰਸ਼ ਕਰਨਾ ਚਾਹੁੰਦੀ ਸੀ ਪ੍ਰੰਤੂ ਸਿੱਖ ਸੰਸਥਾਵਾਂ 'ਤੇ ਕਾਬਜ ਠੱਗ ਪੂਰੀ ਤਰ੍ਹਾਂ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ। ਇਸ ਲਈ ਜਦੋਂ ਮਹਾਰਾਜਾ ਦਲੀਪ ਸਿੰਘ ਨੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢ ਕੇ ਪੂਰੀ ਤਰ੍ਹਾਂ ਗੁਲਾਮੀ ਤੋਂ ਮੁਕਤ ਹੋਣ ਦੀ ਗੱਲ ਕੀਤੀ ਤਾਂ ਲੋਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਸ ਵਿੱਚ ਬਾਬਾ ਰਾਮ ਸਿੰਘ ਜੀ ਦੀ ਰੂਹ ਆ ਗਈ ਹੈ। ਅੱਜ ਵੀ ਸਿੱਖਾਂ ਤੇ ਪੰਜਾਬੀਆਂ ਦੇ ਹਾਲਾਤ ਵਿਚ ਜ਼ਿਆਦਾ ਫਰਕ ਨਹੀਂ ਪਿਆ। ਫਰਕ ਸਿਰਫ ਏਨਾ ਹੀ ਹੈ ਕਿ ਅੱਜ ਅੰਗਰੇਜ਼ਾਂ ਦੀ ਥਾਂ ਅਮਰੀਕਨਾਂ ਨੇ ਲੈ ਲਈ ਹੈ। ਅੱਜ ਵੀ ਜਗੀਰੂ ਸ੍ਰੇਸ਼ਠ ਵਰਗਾਂ ਨੇ ਪੂਰੀ ਤਰ੍ਹਾਂ ਅਮਰੀਕਾ ਦੀ ਗੁਲਾਮੀ ਸਵੀਕਾਰੀ ਹੋਈ ਹੈ। ਮਹਾਰਾਜਾ ਦਲੀਪ ਸਿੰਘ ਵੇਲੇ ਜੋ ਕੰਮ ਇੰਗਲੈਂਡ ਕਰ ਰਿਹਾ ਸੀ, ਅੱਜ ਉਹ ਹੀ ਕੰਮ ਅਮਰੀਕਾ ਕਰ ਰਿਹਾ ਹੈ। ਜੇ ਅੱਜ ਮਹਾਰਾਜਾ ਦਲੀਪ ਸਿੰਘ ਜੀਊਂਦਾ ਹੁੰਦਾ ਤਾਂ ਸ਼ਾਇਦ ਜੋ ਚਿੱਠੀਆਂ ਉਸ ਨੇ ਰਾਣੀ ਵਿਕਟੋਰੀਆ ਨੂੰ ਲਿਖੀਆਂ ਹਨ, ਉਹ ਚਿੱਠੀਆਂ ਅਮਰੀਕਨ ਹਾਕਮਾਂ ਨੂੰ ਲਿਖਦਾ। ਜੋ ਅਪੀਲਾਂ ਉਸ ਨੇ ਪੰਜਾਬ ਤੇ ਭਾਰਤੀਆਂ ਨੂੰ ਅੰਗਰੇਜ਼ਾਂ ਤੋਂ ਮੁਕਤ ਹੋਣ ਦੀਆਂ ਕੀਤੀਆਂ ਸਨ, ਉਹ ਅੱਜ ਅਮਰੀਕਨਾਂ ਦੀ ਭਾਵੁਕ ਗੁਲਾਮੀ ਤੋਂ ਅਜ਼ਾਦ ਹੋਣ ਲਈ ਕਰਦਾ। ਸ਼ਾਇਦ ਉਸ ਦੀ ਪ੍ਰੇਰਨਾ ਹੀ ਮੈਨੂੰ ਵੀ ਅਜਿਹਾ ਕਹਿਣ ਲਈ ਕਹਿ ਰਹੀ ਹੈ।

**ਡਾ: ਸਵਰਾਜ ਸਿੰਘ**

# ਪ੍ਰਭ ਕਾ ਸਿਮਰਨੁ ਸਭ ਤੇ ਊਚਾ

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥(ਅੰਗ ੨੬੨)
ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ॥(ਅੰਗ ੪੦੧)
ਕੋਟਿ ਕਰਮ ਬੰਧਨ ਕਾ ਮੂਲੁ॥ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥ ੨ ॥(ਅੰਗ ੧੧੪੯)

ਅਬਿਨਾਸੀ ਪ੍ਰਭੂ ਜੋ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਨੂੰ ਸਿਮਰ ਕੇ ਸਾਰੀ ਮਲੀਨਤਾ ਦੂਰ ਹੋ ਜਾਂਦੀ ਹੈ। ਨਾਮ ਅਭਿਆਸ ਨਾਲ ਸੁਰਤ ਐਸੇ ਥਾਂ ਟਿਕ ਜਾਂਦੀ ਹੈ ਜਿਥੇ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦੀ ਪਹੁੰਚ ਨਹੀਂ।ਮਨੁੱਖ ਸਿਮਰਨ ਕਰਦਾ ਕਿਸ ਲਈ ਹੈ ਕਿ ਮਨ ਕਾਬੂ ਵਿਚ ਆ ਜਾਵੇ। ਮਨੁੱਖ ਸੇਵਾ ਕਰਦਾ ਹੈ ਪ੍ਰੰਤੂ ਮਨ ਵਿਚੋਂ ਮੈਲ ਨਹੀਂ ਜਾਂਦੀ। ਸੇਵਾ ਕਰਦਿਆਂ ਬਹੁਤ ਵਾਰ ਲੰਗਰ ਵਿਚ ਵੇਖਿਆ, ਜਿਹੜੇ ਬੰਦੇ ਸੇਵਾ ਕਰ ਰਹੇ ਹੁੰਦੇ ਹਨ, ਉਨ੍ਹਾਂ ਦੇ ਮਨ ਵਿਚ ਅਹੰਕਾਰ ਆ ਜਾਂਦਾ ਹੈ। ਚੌਰ ਕਰਦਿਆਂ ਤੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠਿਆਂ ਬੰਦਾ ਆਪਣੇ ਆਪ ਨੂੰ ਦੂਜਿਆਂ ਤੋਂ ਉਚਾ ਸਮਝਣਾ ਸ਼ੁਰੂ ਕਰ ਦਿੰਦਾ ਹੈ। ਸੇਵਾ ਕਰਦਿਆਂ ਮਨ ਵਿਚ ਅਹੰਕਾਰ ਆ ਜਾਂਦਾ ਹੈ। ਮੇਰੇ ਜੈਸਾ ਕੋਈ ਨਹੀਂ ਜਾਂ ਮੈਨੂੰ ਵਧੇਰੇ ਜਾਣਨਾ ਹੈ। ਮਨੁੱਖ ਪੁੰਨ ਦਾਨ ਕਰਦਾ ਹੈ ਪ੍ਰੰਤੂ ਉਸ ਦੇ ਮਨ ਵਿਚ ਵੀ ਅਹੰਕਾਰ ਆ ਜਾਂਦਾ ਹੈ। ਮੈਂ ਇਤਨੇ ਪੈਸੇ ਦਾਨ ਦਿੱਤੇ, ਮੇਰੇ ਪੈਸਿਆਂ ਦਾ ਜ਼ਿਕਰ ਭਾਈ ਸਾਹਿਬ ਨੇ ਅਰਦਾਸ ਵਿਚ ਕਿਉਂ ਨਹੀਂ ਕੀਤਾ। ਸੰਗਤ ਨੂੰ ਕਿਉਂ ਨਹੀਂ ਦੱਸਿਆ ਕਿ ਮੈਂ ਦਸ ਹਜ਼ਾਰ ਰੁਪਏ ਬਿਲਡਿੰਗ ਲਈ ਦਿੱਤੇ ਹਨ। ਵੇਖਣ ਵਿਚ ਆਇਆ ਕਿ ਅਜਿਹੇ ਕਈ ਬੰਦੇ ਭਾਈ ਨਾਲ ਝਗੜ ਰਹੇ ਹੁੰਦੇ ਹਨ। ਅਜਿਹੇ ਦਾਨ ਦਾ ਕੀ ਲਾਭ?ਜਪ ਤਪ ਕਰਦੇ ਹੋਏ ਵੀ ਅਹੰਕਾਰ ਆ ਜਾਂਦਾ ਹੈ। ਜਦੋਂ ਲੋਕ ਆਦਰ ਨਾਲ ਪੈਰਾਂ ਨੂੰ ਹੱਥ ਲਾਣ ਲੱਗ ਜਾਣ ਤਾਂ ਮਨੁੱਖ ਸੋਚਦਾ ਹੈ ਕਿ ਮੈਂ ਹੁਣ ਮਹਾਂਪੁਰਸ਼ ਬਣ ਗਿਆ ਹਾਂ, ਅਜਿਹੇ ਬੰਦੇ ਸਿਖਰ ਤੋਂ ਥੱਲੇ ਡਿੱਗ ਪੈਂਦੇ ਹਨ।ਮਨੁੱਖੀ ਮਨ 'ਮੈਂ'' 'ਮੇਰੀ' ਵਿਚ ਗ੍ਰਸਿਆ ਰਹਿੰਦਾ ਹੈ।ਮਨੁੱਖ ਜਨਮ ਲੈਂਦੇ ਹੀ ਮੈਂ ਤੇ ਮੇਰੀ ਦੇ ਬੰਧਨ ਵਿਚ ਫਸ ਜਾਂਦਾ ਹੈ। ਜਦੋਂ ਉਹ ਹਉਮੈ ਵਿਚ ਫਸ ਜਾਂਦਾ ਹੈ ਤੇ ਪ੍ਰਮਾਤਮਾ ਤੋਂ ਵਿਛੋੜਾ ਪੈ ਜਾਂਦਾ ਹੈ। ਮਨੁੱਖੀ ਮਨ ਵਿਚ ਪਰ ਧਨ ਪਰ ਤਨ ਖੋਹਣ ਦੀ ਲਾਲਸਾ ਆ ਜਾਂਦੀ ਹੈ। ਇਸ ਅਵਸਥਾ ਵਿਚ ਬੰਦਾ ਬਹੁਤ ਖੱਜਲ ਖੁਆਰ ਹੁੰਦਾ ਹੈ। ਇਸ ਲਈ ਗੁਰੂ ਤੇਗ ਬਹਾਦਰ ਸਾਹਿਬ ਅਧਿਆਤਮਿਕ ਪੁਰਸ਼ਾਂ ਨੂੰ ਤੇ ਸਾਧੂ ਸੰਤਾਂ ਨੂੰ ਉਪਦੇਸ਼ ਦਿੰਦੇ ਹਨ :
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ ਰਹਾਉ॥
ਸਾਧੋ ਮਨ ਕਾ ਮਾਨੁ ਤਿਆਗਉ ॥ ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ ਕਿਨਹੂੰ ਗੁਰਮੁਖਿ ਜਾਨਾ ॥੨॥੧॥
ਜਨ ਨਾਨਕ ਇਹੁ ਖੇਲੁ ਕਠਨੁ ਹੈ (ਅੰਗ ੨੧੯)
ਗੁਰੂ ਜੀ ਕਹਿੰਦੇ ਹਨ ਕਿ ਮਨ ਕਾ ਮਾਨ ਤਿਆਗੋ, ਖੋਟੇ ਕਰਮ ਤੇ ਦੁਰਜਨ ਦੀ ਸੰਗਤ ਤੋਂ ਬਚੋ, ਕਦੇ ਅਹੰਕਾਰ ਨਾ ਕਰੋ, ਦੁੱਖ ਤੇ ਸੁੱਖ ਵਿਚ ਸਮਾਨ ਰਹੋ, ਕਦੇ ਮਾਨ ਅਪਮਾਨ ਦੀ ਪ੍ਰਵਾਹ ਨਾ ਕਰੋ, ਨਾ ਕਿਸੇ ਦੀ ਉਸਤਤ ਕਰੋ ਤੇ ਨਾ ਹੀ ਕਰਵਾਉ। ਕੰਚਨ ਨੂੰ ਮਿੱਟੀ ਸਮਾਨ ਸਮਝੋ। ਅਜਿਹੇ ਗੁਰਮੁਖ ਬੰਦਿਆਂ ਨੂੰ ਜਗ ਦੀ ਪਹਿਚਾਣ ਹੋ ਜਾਂਦੀ ਹੈ। ਉਹ ਨਿਰਬਾਣ ਪਦ ਪਾਣ ਦੇ ਹੱਕਦਾਰ ਹੋ ਜਾਂਦੇ ਹਨ ਪ੍ਰੰਤੂ ਗੁਰੂ ਜੀ ਖੁਦ ਹੀ ਕਹਿੰਦੇ ਹਨ ਕਿ ਇਹ ਅਵਸਥਾ ਕੋਈ ਆਸਾਨ ਨਹੀਂ। ਜਨ ਨਾਨਕ ਇਹੁ ਖੇਲੁ ਕਠਿਨੁ ਹੈ, ਵਿਰਲੇ ਹੀ ਇਸ ਅਸਥਾਨ ਨੂੰ ਪੁਜਦੇ ਹਨ।ਕਬੀਰ ਜੀ ਫੁਰਮਾਂਦੇ ਹਨ ਕਿ ਹਉਮੈਂ ਨੇ ਵੱਡੇ-ਵੱਡੇ ਰਿਸ਼ੀਆਂ ਮੁਨੀਆਂ, ਸਾਧਾਂ ਤੇ ਭਗਤਾਂ ਨੂੰ ਆਪਣੇ ਆਦਰਸ਼ ਤੋਂ ਭਟਕਾ ਦਿੱਤਾ। ਇਸ ਲਈ ਕਦੇ ਅਹੰਕਾਰ ਨਹੀਂ ਕਰਨਾ ਚਾਹੀਦਾ।
ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥(ਅੰਗ ੧੩੭੨) ਜਦੋਂ ਤੱਕ ਮਨੁੱਖ ਮੈਂ ਮੇਰੀ ਕਰਦਾ ਰਹਿੰਦਾ ਹੈ, ਉਹ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ:
ਜਬ ਲਗੁ ਮੇਰੀ ਮੇਰੀ ਕਰੈ ॥ਤਬ ਲਗੁ ਕਾਜੁ ਏਕੁ ਨਹੀ ਸਰੈ ॥(ਅੰਗ ੧੧੬੦)
ਪੱਛਮੀ ਤਹਿਜੀਬ ਤੇ ਮਾਦਾਪ੍ਰਸਤੀ ਦੇ ਚੱਕਰ ਵਿਚ ਮਨੁੱਖ ਪ੍ਰਮਾਤਮਾ ਤੋਂ ਦੂਰ ਹੁੰਦਾ ਜਾ ਰਿਹਾ ਹੈ। ਗੁਰਮੁਖ ਦੀ ਸੰਗਤ ਤੇ ਸਾਧ ਸੰਗਤ ਤੋਂ ਦੂਰ ਰਹਿੰਦਾ ਹੈ। ਸਿਮਰਨ ਕਰਨ ਦੀ ਰੁਚੀ ਨਹੀਂ, ਸਗੋਂ ਟਿਕਚਰਾਂ ਕਰਦਾ ਹੈ। ਉਹ ਇਹ ਨਹੀਂ ਜਾਣਦੇ ਕਿ ਜਿਵੇਂ ਜ਼ਮੀਨ ਤੇ ਸਫਰ ਕਰਨ ਲਈ ਸੜਕ ਚਾਹੀਦੀ ਹੈ ਤੇ ਹਵਾ ਵਿਚ ਹਵਾਈ ਜਹਾਜ਼ ਤੇ ਸਮੁੰਦਰ ਵਿਚ ਸਮੁੰਦਰੀ ਜਹਾਜ਼ ਬਿਨਾਂ ਦਿਸ਼ਾ ਗੁੰਮਰਾਹ ਹੋ ਜਾਂਦੇ ਹਨ। ਇਸੇ ਪ੍ਰਕਾਰ ਨਿਰੰਕਾਰ ਦੇ ਦੇਸ਼ ਵਿਚ ਸਿਮਰਨ ਨਾਲ ਜਾਇਆ ਜਾ ਸਕਦਾ ਹੈ। ਇਸ ਲਈ ਅਕਲ ਹੋਣੀ ਜ਼ਰੂਰੀ ਹੈ। ਅਕਲ ਨਾਲ ਹੀ ਮਾਣ ਮਿਲਦਾ ਹੈ :ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ ੧ ॥(ਅੰਗ ੧੨੪੫)
ਸੰਸਾਰ ਦੀ ਸਭ ਤੋਂ ਵੱਡੀ ਵਸਤੂ ਅਕਲ ਹੈ, ਅਕਲ ਨਾਲ ਕੀਤੇ ਕੰਮ ਰਾਸ ਆਉਂਦੇ ਹਨ। ਅਕਲ ਵਿਚਾਰ ਸ਼ਕਤੀ ਤੋਂ ਪ੍ਰਾਪਤ ਹੁੰਦਾ ਹੈ। ਵਿਚਾਰਨ ਦੀ ਸ਼ਕਤੀ ਮਨ ਇਕਾਗਰ ਕਰ ਕੇ ਆਉਂਦੀ ਹੈ। ਮਨ ਦੀ ਇਕਾਗਰਤਾ ਤੋਂ ਬਿਨਾਂ ਸੰਸਾਰਕ ਤੇ ਆਤਮਿਕ ਗਿਆਨ ਪ੍ਰਾਪਤ ਨਹੀਂ ਹੁੰਦਾ। ਕੋਈ ਸਵਾਲ ਹੱਲ ਕਰਨਾ ਹੋਵੇ, ਮਨ ਦੀ ਇਕਾਗਰਤਾ ਜ਼ਰੂਰੀ ਹੁੰਦੀ ਹੈ। ਸੂਰਜ ਦੀ ਗਰਮੀ ਤੋਂ ਸੰਸਾਰ ਵਿਚ ਚਾਰ ਖਾਣੀਆਂ ਵਧਦੀਆਂ ਫੁਲਦੀਆਂ ਹਨ। ਅਨਾਜ, ਫਲ ਫੁੱਲ, ਜੀਵ ਜੰਤੂ ਸਭ ਸੂਰਜ ਦੀ ਗਰਮੀ ਤੋਂ ਪੈਦਾ ਹੁੰਦੇ ਤੇ ਵਧਦੇ ਫੁਲਦੇ ਹਨ। ਇਸੇ ਪ੍ਰਕਾਰ ਸਿਮਰਨ ਕਰਨ ਨਾਲ ਸ਼ਾਂਤੀ, ਨਿਰਵੈਰਤਾ, ਗੰਭੀਰਤਾ, ਨਿਡਰਤਾ, ਪ੍ਰੇਮ, ਦਇਆ ਸ਼ਾਂਤੀ ਆਦਿ ਗੁਣ ਪੈਦਾ ਹੁੰਦੇ ਹਨ। ਮਨ ਦੀ ਮੈਲ ਸਿਮਰਨ ਕਰਨ ਨਾਲ ਦੂਰ ਹੋ ਜਾਂਦੀ ਹੈ। ਸਾਰੀਆਂ ਰਿੱਧੀਆਂ ਸਿੱਧੀਆਂ ਮਨ ਦੀ ਇਕਾਗਰਤਾ ਨਾਲ ਪ੍ਰਾਪਤ ਹੁੰਦੀਆਂ ਹਨ। ਮਨ ਦੀ ਇਕਾਗਰਤਾ ਅੱਖ ਦੇ ਫੋਰ ਵਿਚ ਸਾਰਾ ਢਾਂਚਾ ਬਦਲ ਦਿੰਦੀ ਹੈ।ਕਈ ਜਗਿਆਸੂ ਰਿੱਧੀਆਂ ਸਿੱਧੀਆਂ ਪ੍ਰਾਪਤ ਕਰ ਕੇ ਸਮਝ ਲੈਂਦੇ ਹਨ ਕਿ ਪ੍ਰਮਾਤਮਾ ਦੀ ਪ੍ਰਾਪਤੀ ਹੋ ਗਈ। ਉਹ ਇਥੇ ਹੀ ਅਟਕ ਜਾਂਦੇ ਹਨ। ਸਭ ਤੋਂ ਉਪਰ ਸਿਮਰਨ ਤੇ ਬਾਕੀ ਸਾਰੀਆਂ ਵਸਤੂਆਂ ਸਿਮਰਨ ਤੋਂ ਥੱਲੇ ਹਨ। ਸਿਮਰਨ ਦੇ ਬਰਾਬਰ ਕੁੱਝ ਨਹੀਂ। ਸੱਚਾਈ ਈਮਾਨਦਾਰੀ ਤੇ ਹੋਰ ਚੰਗੇ ਗੁਣ ਜ਼ਰੂਰੀ ਹਨ।
ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ॥(ਅੰਗ ੪੦੧)
ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥੨॥(ਅੰਗ ੪੦੫)
ਸੁਖਮਨੀ ਸਾਹਿਬ ਵਿਚ ਦਰਜ ਹੈ ਕਿ ਪੁੰਨ ਦਾਨ, ਜਪ-ਤਪ, ਗਿਆਨ-ਧਿਆਨ, ਛੇ ਸ਼ਾਸਤਰਾਂ ਤੇ ਵੇਦ ਤੇ ਸਿਮਤੀਆਂ ਦਾ ਗਿਆਨ ਹੋਵੇ। ਭਾਵੇਂ ਜੋਗ ਅਭਿਆਸ ਕਰਦਾ ਹੋਵੇ, ਭਾਵੇਂ ਘਰ ਬਾਹਰ ਛੱਡ ਕੇ ਸੰਨਿਆਸੀ ਹੋ ਜਾਵੇ, ਭਾਵੇਂ ਸਰੀਰ ਆਰੇ ਨਾਲ ਚਿਰਵਾਏ, ਭਾਵੇਂ ਨਿਉਲੀ ਕਰਮ ਕਰ ਕੇ ਸਰੀਰ ਦੀ ਸਫਾਈ ਕਰੇ, ਇਹ ਸਭ ਵਸਤੂਆਂ ਨਾਮ ਦੇ ਬਰਾਬਰ ਨਹੀਂ। ਪ੍ਰਭੂ ਤਾਂ ਸਭ ਵਸਤੂਆਂ ਤੋਂ ਉਚਾ ਹੈ। ਸ੍ਰੀ ਸੁਖਮਨੀ ਸਾਹਿਬ ਦੀ ਬਾਣੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਂਦੇ ਹਨ :
ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥
ਸਗਲ ਤਿਆਗਿ ਬਨ ਮਧੇ ਫਿਰਿਆ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥੧॥ (ਅੰਗ ੨੬੫)
ਭਾਵੇਂ ਮਨੁੱਖ ਨੂੰ ਸੰਸਾਰ ਦੀਆਂ ਸਾਰੀਆਂ ਵਡਿਆਈਆਂ ਮਿਲੀਆਂ ਹੋਈਆਂ ਹੋਣ, ਜੇ ਸਿਮਰਨ ਨਹੀਂ ਕਰਦਾ ਤਾਂ ਕੁੱਝ ਵੀ ਨਹੀਂ। ਉਚ ਮੰਡਲੀਆਂ ਵਿਚ ਤਾਰੀ ਲਗਾਉਣ ਵਾਲੇ ਬੰਦੇ ਜਾਣਦੇ ਹਨ ਕਿ ਈਸ਼ਵਰ ਦਾ ਨਾਮ ਸਭ ਤੋਂ ਉਚਾ ਹੈ, ਭਾਵੇਂ ਕਿੰਨੇ ਵੀ ਸ਼ੁੱਭ ਕਰਮ ਕਰੇ, ਪ੍ਰਮਾਤਮਾ ਦੇ ਨਾਮ ਤੁੱਲ ਨਹੀਂ ਹਨ।
ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥(ਅੰਗ ੨੬੩)

**ਸ: ਕੁਲਦੀਪ ਸਿੰਘ**

# ਫੁੱਲਾਂ ਤੋਂ ਤਾਜ਼ਗੀ ਸਿੱਖੀਏ



ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥ (ਅੰਗ ੧੧੮)
ਖਬਰਿ ਕਰਤੁ ਹੈ ਪਾਤ ਪਤ ਡਾਲੀ॥ (ਅੰਗ ੩੮੫)
ਫੁੱਲ ਜੀਵਨ ਵਿਚ ਖ਼ੁਸ਼ੀਆਂ ਅਤੇ ਖੇੜੇ ਦਾ ਪ੍ਰਤੀਕ ਹਨ।ਦੁਖੀ ਤੋਂ ਦੁਖੀ ਵਿਅਕਤੀ ਵੀ ਫੁੱਲਾਂ ਦਾ ਖੇੜਾ ਵੇਖ ਕੇ ਇਕ ਵੇਰ ਜ਼ਰੂਰ ਮੁਸਕਰਾ ਪੈਂਦਾ ਹੈ। ਫੁੱਲਾਂ ਤੋਂ ਕੇਵਲ ਖ਼ੁਸ਼ੀ ਅਤੇ ਅਨੰਦ ਹੀ ਪ੍ਰਾਪਤ ਨਹੀਂ ਹੁੰਦਾ ਸਗੋਂ ਇਹ ਸਾਨੂੰ ਜੀਊਣ ਦੀ ਜਾਚ ਵੀ ਦੱਸਦੇ ਹਨ।ਫੁੱਲਾਂ ਦਾ ਜੀਵਨ ਵੀ ਕੁਝ ਸਮੇਂ ਲਈ ਹੁੰਦਾ ਹੈ। ਇਸੇ ਕਰਕੇ ਉਹ ਆਪਣੇ ਸਾਰੇ ਜੀਵਨ ਕਾਲ ਵਿਚ ਖੁੱਲ੍ਹ ਕੇ ਖੇੜਾ ਅਤੇ ਖ਼ੁਸ਼ੀ ਵੰਡਦੇ ਹਨ।ਪੀੜ ਦੀਆਂ ਘੜੀਆਂ ਤਾਂ ਹਰ ਇਨਸਾਨ ਦੇ ਜੀਵਨ ਵਿਚ ਆਉਂਦੀਆਂ ਹਨ। ਜਿਹੜੇ ਇਨਸਾਨ ਆਪਣੀ ਪੀੜ ਨੂੰ ਲੈ ਕੇ ਪੀੜਤ ਹੁੰਦੇ ਹਨ ਅਤੇ ਹਰ ਵੇਲੇ ਪੀੜਾ ਦਾ ਵਖਿਆਨ ਹੀ ਕਰਦੇ ਹਨ। ਉਹ ਆਪ ਵੀ ਦੁਖੀ ਰਹਿੰਦੇ ਹਨ ਅਤੇ ਦੂਜਿਆਂ ਨੂੰ ਵੀ ਦੁਖੀ ਕਰਦੇ ਹਨ। ਕਦੇ ਸਥਿਤੀ ਅਜਿਹੀ ਵੀ ਆਉਂਦੀ ਹੈ ਕਿ ਲੋਕੀਂ ਉਨ੍ਹਾਂ ਤੋਂ ਦੂਰ ਰਹਿਣ ਦਾ ਯਤਨ ਕਰਦੇ ਹਨ, ਪਰ ਜਿਹੜੇ ਫੁੱਲਾਂ ਵਾਂਗ ਹਰ ਵੇਲੇ ਖਿੜੇ ਰਹਿੰਦੇ ਹਨ ਅਤੇ ਪਿਆਰ ਦੀਆਂ ਮਹਿਕਾਂ ਬਿਖੇਰਦੇ ਹਨ ਉਹ ਹੀ ਆਪਣੀ ਪੀੜਾ ਭੁੱਲ ਸੁਖ ਦਾ ਅਨੰਦ ਭੋਗਦੇ ਹਨ ਅਤੇ ਦੂਜਿਆਂ ਨੂੰ ਖੇੜੇ ਤੇ ਖ਼ੁਸ਼ੀਆਂ ਦਾ ਪ੍ਰਸ਼ਾਦ ਵੰਡਦੇ ਹਨ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਅਜਿਹੀ ਖਿੱਚ ਪੈਦਾ ਹੋ ਜਾਂਦੀ ਹੈ ਜਿਹੜੀ ਕਿ ਦੂਜਿਆਂ ਨੂੰ ਉਨ੍ਹਾਂ ਵੱਲ ਆਕਰਸ਼ਕ ਕਰਦੀ ਹੈ। ਜਿਵੇਂ ਫੁੱਲਾਂ ਵੱਲ ਭੌਰੇ ਖਿੱਚੇ ਆਉਂਦੇ ਹਨ ਇਸੇ ਤਰ੍ਹਾਂ ਖਿੜੀਆਂ ਰੂਹਾਂ ਵੀ ਹਮੇਸ਼ਾ ਪਿਆਰ ਭਿੱਜੇ ਭੌਰਿਆਂ ਨਾਲ ਘਿਰੀਆਂ ਰਹਿੰਦੀਆਂ ਹਨ।ਧਰਮ, ਰੰਗ, ਜਾਤ, ਕੌਮ ਆਦਿ ਦੇ ਨਾਮ ਉੱਤੇ ਵੰਡੀਆਂ ਕਿਉਂ ਹਨ ? ਫੁੱਲਾਂ ਨੇ ਕਦੇ ਕਿਸੇ ਨਾਲ ਵੈਰ, ਵਿਰੋਧ ਜਾਂ ਵਿਤਕਰਾ ਨਹੀਂ ਕੀਤਾ ਹੈ। ਨਫ਼ਰਤ ਅਤੇ ਵੈਰ ਤਾਂ ਆਤਮਘਾਤੀ ਹਨ। ਇਸ ਨਾਲ ਦੂਜਿਆਂ ਨੂੰ ਘੱਟ ਪਰ ਆਪਣੇ ਆਪ ਨੂੰ ਵਧੇਰੇ ਪੀੜ ਹੁੰਦੀ ਹੈ। ਪ੍ਰਮਾਤਮਾ ਦੀ ਜੀਵਨ ਰੂਪੀ ਅਨਮੋਲ ਬਖ਼ਸ਼ਿਸ਼ ਨੂੰ ਨਫ਼ਰਤ, ਵੈਰ ਅਤੇ ਵਿਰੋਧ ਨਾਲ ਕਿਉਂ ਖ਼ਰਾਬ ਕੀਤਾ ਜਾਵੇ।ਜੀਵਨ ਦਾ ਆਨੰਦ ਉਦੋਂ ਹੀ ਆਉਂਦਾ ਹੈ ਜਦੋਂ ਨਾ ਕੋਈ ਵੈਰੀ ਹੋਵੇ ਅਤੇ ਨਾ ਹੀ ਕੋਈ ਬੇਗਾਨਾ ਹੋਵੇ। ਸਾਰੇ ਹੀ ਆਪਣੇ ਜਾਪਣ, ਫਿਰ ਵੇਖੋ ਫੁੱਲਾਂ ਵਾਂਗ ਹੀ ਹਰ ਵਿਅਕਤੀ ਵਿਚੋਂ ਖੇੜਾ ਅਤੇ ਖੁਸ਼ਬੋ ਝਲਕਾਂ ਮਾਰਦੀ ਨਜ਼ਰ ਆਵੇਗੀ।ਫੁੱਲ ਹਉਮੈ ਤੋਂ ਨਿਰਲੇਪ ਹਨ। ਉਹ ਤਾਂ ਹਮੇਸ਼ਾ ਦਾਤਾ ਵਲੋਂ ਮਿਲੀ ਦਾਤ ਰਾਹੀਂ ਵੱਧ ਤੋਂ ਵੱਧ ਲੋਕਾਂ ਨੂੰ ਖ਼ੁਸ਼ੀਆਂ ਅਤੇ ਖੇੜੇ ਦੇਣ ਦਾ ਯਤਨ ਕਰਦੇ ਹਨ। ਉਨ੍ਹਾਂ ਦੇ ਪੱਲੇ ਸੇਵਾ ਹੈ ਅਤੇ ਇਸੇ ਨਸ਼ੇ ਵਿਚ ਉਹ ਗੜੂੰਦ ਆਪਣਾ ਸਿਰ ਉੱਚਾ ਕਰੀ ਇਸ ਕਾਰਜ ਵਿਚ ਲੱਗੇ ਰਹਿੰਦੇ ਹਨ। ਫੁੱਲਾਂ ਦੇ ਗੁਲਦਸਤੇ ਬੀਮਾਰਾਂ ਅਤੇ ਦੁਖੀਆਂ ਨੂੰ ਖੇੜਾ ਦਿੰਦੇ ਹਨ। ਉਨ੍ਹਾਂ ਦੇ ਕਮਰੇ ਵਿਚ ਦੁੱਖ ਦੀ ਪਰਛਾਈ ਨੂੰ ਦੂਰ ਕਰਨ ਵਿਚ ਸਹਾਈ ਹੁੰਦੇ ਹਨ। ਦੋ ਦਿਲਾਂ ਨੂੰ ਮੇਲਦੇ ਹਨ ਅਤੇ ਨਫ਼ਰਤਾਂ ਨੂੰ ਦੂਰ ਕਰਨ ਦਾ ਯਤਨ ਕਰਦੇ ਹਨ। ਜਿਵੇਂ ਫੁੱਲ ਸੰਸਾਰ ਵਿਚ ਨਫ਼ਰਤ ਅਤੇ ਈਰਖਾ ਤੋਂ ਦੂਰ ਰਹਿ ਕੇ ਪ੍ਰੇਮ ਦੀ ਮਹਿਕ ਵੰਡਦੇ ਹਨ ਇਸੇ ਤਰ੍ਹਾਂ ਹੀ ਹਰ ਇਨਸਾਨ ਨੂੰ ਪ੍ਰੇਮ ਦੀ ਮਹਿਕ ਵੰਡਣੀ ਚਾਹੀਦੀ ਹੈ। ਇਹ ਜੀਵਨ ਤਾਂ ਪ੍ਰੇਮ ਲਈ ਵੀ ਥੋੜਾ ਹੈ ਫਿਰ ਭਲਾ ਨਫ਼ਰਤ ਅਤੇ ਵੈਰ ਵਿਰੋਧ ਲਈ ਸਮਾਂ ਕਿਉਂ ਬਰਬਾਦ ਕੀਤਾ ਜਾਂਦਾ ਹੈ।ਸਮੇਂ ਦਾ ਤਾਂ ਵੱਧ ਤੋਂ ਵੱਧ ਸਦਉਪਯੋਗ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਇਸ ਜੀਵਨ ਦੇ ਨਿੱਘ ਨੂੰ ਵੱਧ ਤੋਂ ਵੱਧ ਮਾਣ ਸਕੀਏ। ਦੁਖੀਆਂ ਦਾ ਦਰਦ ਵੰਡਾਇਆਂ ਅਤੇ ਲੋੜਵੰਦਾਂ ਦੀ ਸੇਵਾ ਕੀਤਿਆਂ ਇਕ ਅਦੁੱਤੀ ਅਨੰਦ ਪ੍ਰਾਪਤ ਹੁੰਦਾ ਹੈ। ਜੋ ਅਨੰਦ ਕਿਸੇ ਨੂੰ ਪਿਆਰ ਕੀਤਿਆਂ ਸਹਾਇਤਾ ਕੀਤਿਆਂ ਜਾਂ ਸੇਵਾ ਕੀਤਿਆਂ ਮਿਲਦਾ ਹੈ ਉਸ ਨਾਲੋਂ ਵਧੀਆ ਆਨੰਦ ਹੋਰ ਕਿਸੇ ਤਰਾਂ ਪ੍ਰਾਪਤ ਹੀ ਨਹੀਂ ਹੋ ਸਕਦਾ। ਦੌਲਤ ਇਕੱਠੀ ਕੀਤਿਆਂ ਜੋ ਨਸ਼ਾ ਮਿਲਦਾ ਹੈ ਉਹ ਦੌਲਤ ਨੂੰ ਵੰਡਿਆਂ ਮਿਲਣ ਵਾਲੇ ਨਸ਼ੇ ਤੋਂ ਬਹੁਤ ਹੀ ਕਮਜ਼ੋਰ ਹੁੰਦਾ ਹੈ। ਦੌਲਤ ਇਕੱਠੀ ਕੀਤਿਆਂ ਅਸਲ ਵਿਚ ਨਸ਼ਾ ਤਾਂ ਮਿਲਦਾ ਹੀ ਨਹੀਂ, ਸਗੋਂ ਉਹ ਹਉਮੈ ਦਾ ਸੇਕ ਹੁੰਦਾ ਹੈ ਜਿਹੜਾ ਤਨ ਅਤੇ ਮਨ ਦੋਹਾਂ ਨੂੰ ਸਾੜਦਾ ਹੈ ਜਦੋਂ ਕਿ ਕਿਸੇ ਦੀ ਸਹਾਇਤਾ ਕੀਤਿਆਂ ਜੋ ਨਸ਼ਾ ਮਿਲਦਾ ਹੈ ਉਹ ਤਨ ਅਤੇ ਮਨ ਨੂੰ ਨਿਖਾਰ ਬਖ਼ਸ਼ਦਾ ਹੈ। ਫੁੱਲ ਜਿਵੇਂ ਆਪਣੇ ਪਿੱਛੇ ਮਹਿਕ ਛੱਡ ਜਾਂਦਾ ਹੈ ਇਵੇਂ ਹੀ ਇਨਸਾਨ ਨੂੰ ਵੀ ਆਪਣੇ ਨੇਕ ਅਤੇ ਸ਼ੁੱਭ ਕਰਮਾਂ ਦੀ ਮਹਿਕ ਛਡ ਕੇ ਜਾਣਾ ਚਾਹੀਦਾ ਹੈ। ਇਸ ਮਹਿਕ ਨੂੰ ਲੋਕੀਂ ਹਮੇਸ਼ਾ ਯਾਦ ਕਰਦੇ ਹਨ, ਪਿਆਰ ਕਰਦੇ ਹਨ ਅਤੇ ਸਤਿਕਾਰ ਕਰਦੇ ਹਨ।ਆਓ ! ਫੁੱਲਾਂ ਤੋਂ ਜੀਉਣ ਦੀ ਜਾਚ ਸਿੱਖੀਏ। ਦੂਜਿਆਂ ਦੀ ਸੇਵਾ ਕਰਕੇ, ਲੁਕਾਈ ਨਾਲ ਪਿਆਰ ਕਰਕੇ ਅਤੇ ਮਿਠ ਬੋਲੜਾ ਬਣ ਕੇ ਆਪਣੇ ਵਿਚ ਖੇੜਾ ਅਤੇ ਸੁਗੰਧੀ ਭਰੀਏ। ਫਿਰ ਇਸ ਸੁਗੰਧੀ ਅਤੇ ਖੇੜੇ ਨੂੰ ਫੁੱਲਾਂ ਵਾਂਗ ਵੱਧ ਤੋਂ ਵੱਧ ਲੋਕਾਂ ਵਿਚ ਵੰਡੀਏ। ਇਸ ਜੀਵਨ ਨੂੰ ਰੱਜ ਕੇ ਜੀਊਣ ਦਾ ਇਸ ਤੋਂ ਵੱਖਰਾ ਹੋਰ ਕੋਈ ਰਸਤਾ ਨਹੀਂ ਹੈ।

**ਰੇਣੁਕਾ ਸਰਬਜੀਤ ਸਿੰਘ**

# ਬੱਚਿਆਂ ਨੂੰ ਗੁਰਬਾਣੀ ਨਾਲ ਕਿਵੇਂ ਜੋੜਿਆ ਜਾਵੇ



ਅੱਜ ਦੇ ਆਧੁਨਿਕ ਤੇ ਤੇਜ਼ ਰਫ਼ਤਾਰ ਜੀਵਨ ਵਿੱਚ ਬੱਚੇ ਮੋਬਾਈਲ, ਟੀਵੀ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਨਾਲ ਘਿਰੇ ਹੋਏ ਹਨ। ਇਸ ਦੌਰ ਵਿੱਚ ਉਨ੍ਹਾਂ ਨੂੰ ਆਪਣੇ ਧਾਰਮਿਕ, ਆਤਮਿਕ ਅਤੇ ਨੈਤਿਕ ਮੁੱਲਾਂ ਨਾਲ ਜੋੜ ਕੇ ਰੱਖਣਾ ਇੱਕ ਵੱਡੀ ਚੁਣੌਤੀ ਬਣ ਚੁੱਕੀ ਹੈ। ਸਿੱਖ ਧਰਮ ਵਿੱਚ ਗੁਰਬਾਣੀ ਨੂੰ ਮਨੁੱਖੀ ਜੀਵਨ ਦੀ ਰਾਹਦਾਰੀ ਮੰਨਿਆ ਗਿਆ ਹੈ। ਗੁਰਬਾਣੀ ਸਿਰਫ਼ ਪਾਠ ਕਰਨ ਲਈ ਨਹੀਂ, ਸਗੋਂ ਜੀਵਨ ਨੂੰ ਸਹੀ ਦਿਸ਼ਾ ਦੇਣ ਲਈ ਹੈ। ਜੇ ਬਚਪਨ ਤੋਂ ਹੀ ਬੱਚਿਆਂ ਨੂੰ ਗੁਰਬਾਣੀ ਨਾਲ ਜੋੜ ਦਿੱਤਾ ਜਾਵੇ ਤਾਂ ਉਹ ਨਿਰਭਯ, ਸੱਚੇ, ਨਿਮਰ ਅਤੇ ਸੰਵੇਦਨਸ਼ੀਲ ਨਾਗਰਿਕ ਬਣ ਸਕਦੇ ਹਨ।

1. ਘਰ ਤੋਂ ਗੁਰਬਾਣੀ ਦੀ ਸ਼ੁਰੂਆਤਬੱਚਿਆਂ ਦੀ ਪਹਿਲੀ ਸਿੱਖਿਆ ਘਰ ਤੋਂ ਹੀ ਸ਼ੁਰੂ ਹੁੰਦੀ ਹੈ। ਜੇ ਮਾਤਾ-ਪਿਤਾ ਆਪਣੇ ਜੀਵਨ ਵਿੱਚ ਗੁਰਬਾਣੀ ਨੂੰ ਅਪਣਾਉਂਦੇ ਹਨ ਤਾਂ ਬੱਚੇ ਆਪਣੇ ਆਪ ਉਸ ਵੱਲ ਆਕਰਸ਼ਿਤ ਹੁੰਦੇ ਹਨ। ਸਵੇਰੇ ਜਾਂ ਸ਼ਾਮ ਨੂੰ ਘਰ ਵਿੱਚ ਨਿਤਨੇਮ ਦਾ ਮਾਹੌਲ ਬਣਾਇਆ ਜਾਵੇ। ਬੱਚਿਆਂ ਨੂੰ ਜ਼ਬਰਦਸਤੀ ਬਿਠਾਉਣ ਦੀ ਬਜਾਏ ਪਿਆਰ ਅਤੇ ਸਨੇਹ ਨਾਲ ਗੁਰਬਾਣੀ ਸੁਣਨ ਦੀ ਆਦਤ ਪਾਈ ਜਾਵੇ।"ਜੈਸਾ ਬੀਜੇ ਸੋ ਲੁਣੈ"—ਮਾਪਿਆਂ ਦਾ ਕਰਤੱਬ ਬੱਚਿਆਂ ਦੇ ਚਰਿੱਤਰ ਦੀ ਨੀਵ ਬਣਦਾ ਹੈ।

2. ਬੱਚਿਆਂ ਦੀ ਭਾਸ਼ਾ ਵਿੱਚ ਗੁਰਬਾਣੀ ਦੀ ਵਿਆਖਿਆਅਕਸਰ ਬੱਚੇ ਗੁਰਬਾਣੀ ਦੇ ਸ਼ਬਦਾਂ ਦਾ ਅਰਥ ਨਾ ਸਮਝ ਸਕਣ ਕਾਰਨ ਦਿਲਚਸਪੀ ਨਹੀਂ ਲੈਂਦੇ। ਇਸ ਲਈ ਜ਼ਰੂਰੀ ਹੈ ਕਿ ਗੁਰਬਾਣੀ ਦੇ ਸੌਖੇ ਅਰਥ ਬੱਚਿਆਂ ਦੀ ਭਾਸ਼ਾ ਵਿੱਚ ਸਮਝਾਏ ਜਾਣ। ਗੁਰਬਾਣੀ ਦੀਆਂ ਕਥਾਵਾਂ, ਸਾਖੀਆਂ ਅਤੇ ਉਦਾਹਰਣਾਂ ਰਾਹੀਂ ਬੱਚਿਆਂ ਨੂੰ ਦੱਸਿਆ ਜਾਵੇ ਕਿ ਇਹ ਸ਼ਬਦ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਨਾਲ ਕਿਵੇਂ ਜੁੜਦੇ ਹਨ।

3. ਗੁਰਬਾਣੀ ਨੂੰ ਸੰਗੀਤ ਨਾਲ ਜੋੜਨਾਸੰਗੀਤ ਬੱਚਿਆਂ ਨੂੰ ਖਿੱਚਣ ਦਾ ਸਭ ਤੋਂ ਵਧੀਆ ਸਾਧਨ ਹੈ। ਗੁਰਬਾਣੀ ਕੀਰਤਨ, ਸ਼ਬਦ ਗਾਇਨ ਅਤੇ ਰਾਗੀ ਸੰਗੀਤ ਰਾਹੀਂ ਬੱਚਿਆਂ ਦੇ ਮਨ ਵਿੱਚ ਗੁਰਬਾਣੀ ਪ੍ਰਤੀ ਰੁਚੀ ਪੈਦਾ ਕੀਤੀ ਜਾ ਸਕਦੀ ਹੈ। ਬੱਚਿਆਂ ਲਈ ਸੌਖੇ ਰਾਗਾਂ ਵਿੱਚ ਕੀਰਤਨ ਸਿਖਾਉਣਾ ਜਾਂ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੇ ਬਾਲ ਰਾਗੀ ਜਥਿਆਂ ਨਾਲ ਜੋੜਨਾ ਬਹੁਤ ਲਾਭਦਾਇਕ ਸਾਬਤ ਹੁੰਦਾ ਹੈ।

4. ਗੁਰਦੁਆਰਾ ਸਾਹਿਬ ਨਾਲ ਸਾਂਝ ਬਣਾਉਣਾਬੱਚਿਆਂ ਨੂੰ ਨਿਯਮਿਤ ਤੌਰ 'ਤੇ ਗੁਰਦੁਆਰਾ ਸਾਹਿਬ ਲਿਜਾਇਆ ਜਾਵੇ। ਉਥੇ ਉਨ੍ਹਾਂ ਨੂੰ ਮਰਿਆਦਾ, ਸੇਵਾ ਅਤੇ ਸੰਗਤ ਦੀ ਮਹੱਤਤਾ ਬਾਰੇ ਸਮਝਾਇਆ ਜਾਵੇ। ਲੰਗਰ ਸੇਵਾ, ਜੁੱਤੇ ਸੰਭਾਲਣਾ, ਪਾਣੀ ਪਿਲਾਉਣਾ—ਇਹ ਸਭ ਕਾਰਜ ਬੱਚਿਆਂ ਦੇ ਮਨ ਵਿੱਚ ਨਿਮਰਤਾ ਅਤੇ ਸੇਵਾ-ਭਾਵ ਪੈਦਾ ਕਰਦੇ ਹਨ।"ਸੇਵਾ ਕਰਤ ਹੋਇ ਨਿਹਕਾਮੀ"—ਇਹ ਸਿੱਖਿਆ ਬਚਪਨ ਵਿੱਚ ਹੀ ਰਚ ਬਸ ਜਾਵੇ ਤਾਂ ਜੀਵਨ ਭਰ ਨਾਲ ਰਹਿੰਦੀ ਹੈ।

5. ਕਹਾਣੀਆਂ ਅਤੇ ਸਾਖੀਆਂ ਦਾ ਅਸਰਬੱਚੇ ਕਹਾਣੀਆਂ ਰਾਹੀਂ ਬਹੁਤ ਤੇਜ਼ੀ ਨਾਲ ਸਿੱਖਦੇ ਹਨ। ਗੁਰੂ ਸਾਹਿਬਾਨ ਦੀਆਂ ਸਾਖੀਆਂ, ਸਿੱਖ ਇਤਿਹਾਸ ਦੀਆਂ ਪ੍ਰੇਰਕ ਘਟਨਾਵਾਂ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਬੱਚਿਆਂ ਦੇ ਮਨ 'ਤੇ ਡੂੰਘਾ ਅਸਰ ਛੱਡਦੀਆਂ ਹਨ। ਇਹ ਕਹਾਣੀਆਂ ਬੱਚਿਆਂ ਨੂੰ ਸੱਚ, ਧਰਮ ਅਤੇ ਹਿੰਮਤ ਦੇ ਰਾਹ 'ਤੇ ਤੁਰਨ ਲਈ ਪ੍ਰੇਰਿਤ ਕਰਦੀਆਂ ਹਨ।

6. ਆਧੁਨਿਕ ਸਾਧਨਾਂ ਦੀ ਸਹੀ ਵਰਤੋਂਅੱਜ ਦੇ ਡਿਜ਼ਿਟਲ ਯੁੱਗ ਵਿੱਚ ਟੈਕਨੋਲੋਜੀ ਨੂੰ ਨਕਾਰਿਆ ਨਹੀਂ ਜਾ ਸਕਦਾ। ਗੁਰਬਾਣੀ ਐਪਸ, ਐਨੀਮੇਸ਼ਨ ਵੀਡੀਓਜ਼, ਬੱਚਿਆਂ ਲਈ ਬਣੇ ਧਾਰਮਿਕ ਕਾਰਟੂਨ ਅਤੇ ਆਡੀਓ ਕਥਾਵਾਂ ਰਾਹੀਂ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਿਆ ਜਾ ਸਕਦਾ ਹੈ। ਜੇ ਮੋਬਾਈਲ ਵਰਤਣਾ ਹੀ ਹੈ ਤਾਂ ਉਸਨੂੰ ਗੁਰਮਤਿ ਸਿੱਖਿਆ ਦਾ ਸਾਧਨ ਬਣਾਇਆ ਜਾਵੇ।

7. ਜ਼ਬਰਦਸਤੀ ਦੀ ਥਾਂ ਪ੍ਰੇਰਣਾਬੱਚਿਆਂ ਨੂੰ ਗੁਰਬਾਣੀ ਵੱਲ ਜ਼ਬਰਦਸਤੀ ਧੱਕਣਾ ਕਈ ਵਾਰ ਉਲਟ ਅਸਰ ਪਾਂਦਾ ਹੈ। ਪਿਆਰ, ਸਮਝ ਅਤੇ ਧੀਰਜ ਨਾਲ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਜਾਵੇ। ਜਦੋਂ ਬੱਚਾ ਆਪਣੇ ਆਪ ਗੁਰਬਾਣੀ ਪੜ੍ਹਨ ਜਾਂ ਸੁਣਨ ਦੀ ਇੱਛਾ ਜਤਾਏ, ਉਸਦੀ ਹੌਸਲਾ ਅਫ਼ਜ਼ਾਈ ਕੀਤੀ ਜਾਵੇ।

8. ਗੁਰਬਾਣੀ ਨੂੰ ਜੀਵਨ ਨਾਲ ਜੋੜਨਾਬੱਚਿਆਂ ਨੂੰ ਇਹ ਸਮਝਾਉਣਾ ਬਹੁਤ ਜ਼ਰੂਰੀ ਹੈ ਕਿ ਗੁਰਬਾਣੀ ਸਿਰਫ਼ ਪਾਠ ਦੀ ਵਸਤੂ ਨਹੀਂ, ਸਗੋਂ ਜੀਵਨ ਜਿਉਣ ਦੀ ਕਲਾ ਹੈ। ਸੱਚ ਬੋਲਣਾ, ਮਿਹਨਤ ਕਰਨਾ, ਦੂਜਿਆਂ ਦੀ ਮਦਦ ਕਰਨੀ—ਇਹ ਸਾਰੇ ਗੁਣ ਗੁਰਬਾਣੀ ਤੋਂ ਹੀ ਮਿਲਦੇ ਹਨ। ਜਦੋਂ ਬੱਚਾ ਵੇਖਦਾ ਹੈ ਕਿ ਗੁਰਬਾਣੀ ਉਸਦੀ ਦਿਨਚਰਿਆ ਵਿੱਚ ਕੰਮ ਆ ਰਹੀ ਹੈ, ਤਾਂ ਉਸਦਾ ਵਿਸ਼ਵਾਸ ਹੋਰ ਮਜ਼ਬੂਤ ਹੁੰਦਾ ਹੈ।ਨਿਸਕਰਸ਼ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨਾ ਸਿਰਫ਼ ਧਾਰਮਿਕ ਫ਼ਰਜ਼ ਨਹੀਂ, ਸਗੋਂ ਸਮਾਜਕ ਜ਼ਿੰਮੇਵਾਰੀ ਵੀ ਹੈ। ਗੁਰਬਾਣੀ ਬੱਚਿਆਂ ਨੂੰ ਨੈਤਿਕਤਾ, ਆਤਮਿਕਤਾ ਅਤੇ ਮਨੁੱਖਤਾ ਦਾ ਪਾਠ ਪੜ੍ਹਾਉਂਦੀ ਹੈ। ਜੇ ਅਸੀਂ ਬਚਪਨ ਵਿੱਚ ਹੀ ਉਨ੍ਹਾਂ ਦੇ ਮਨ ਵਿੱਚ ਗੁਰਬਾਣੀ ਦੇ ਬੀਜ ਬੋ ਦਿੱਤੇ, ਤਾਂ ਭਵਿੱਖ ਵਿੱਚ ਇਹ ਬੱਚੇ ਇੱਕ ਸੁਚੱਜਾ, ਸ਼ਾਂਤ ਅਤੇ ਨਿਆਂਪ੍ਰਿਯ ਸਮਾਜ ਸਿਰਜਣ ਵਿੱਚ ਚੰਗੀ ਭੂਮਿਕਾ ਨਿਭਾਉਣਗੇ।ਗੁਰਬਾਣੀ ਨਾਲ ਜੁੜਿਆ ਬੱਚਾ—ਸਮਾਜ ਦਾ ਉੱਜਲਾ ਭਵਿੱਖ ਹੈ।

**ਗੁਰਪ੍ਰੀਤ ਸਿੰਘ, ਸੰਪਾਦਕ ਖ਼ਾਲਸਾ ਅਖ਼ਬਾਰ**

# ਮਹਾਰਾਜੇ ਰਣਜੀਤ ਸਿੰਘ ਜੀ ਦੀ ਤਾਜਪੋਸ਼ੀ ਦੀ ਰਸਮ



1799 ਵਿਚ ਲਾਹੌਰ ਸ਼ਹਿਰ ਵਿਚ ਮਹਾਰਾਜੇ ਰਣਜੀਤ ਸਿੰਘ ਜੀ ਦੀ ਤਾਜਪੋਸ਼ੀ ਦੀ ਰਸਮ ਹੋ ਰਹੀ ਸੀ..ਦਰਬਾਰ ਵਿਚ ਰਸਮ ਵੇਖਣ ਆਈ ਵਿਸ਼ਾਲ ਸੰਗਤ ਵਿਚ ਰਣਜੀਤ ਸਿੰਘ ਨੇ ਇੱਕ ਅਪੀਲ ਕੀਤੀ ਕੇ "ਜੇ ਕਿਸੇ ਮਾਈ ਭਾਈ ਨੇ ਆਪਣੇ ਜੀਵਨ ਕਾਲ ਵਿਚ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਾਖਸ਼ਾਤ ਦਰਸ਼ਨ ਕੀਤੇ ਹੋਣ ਤਾਂ ਉਹ ਅੱਗੇ ਆਵੇ.."ਜਿਕਰਯੋਗ ਏ ਉਸ ਵੇਲੇ ਤੱਕ ਦਸਮ ਪਿਤਾ ਨੂੰ ਚੜਾਈ ਕੀਤਿਆਂ ਅਜੇ ਸਿਰਫ 91 ਕੂ ਵਰੇ ਹੀ ਹੋਏ ਸਨ!ਕਾਫੀ ਦੇਰ ਚੁੱਪ ਛਾਈ ਰਹੀ..ਫੇਰ ਐਨ ਪਿੱਛੋਂ ਇੱਕ ਬਜ਼ੁਰਗ ਬਾਬਾ ਜੀ ਉੱਠ ਖਲੋਤੇ..ਹੌਲੀ ਹੌਲੀ ਅੱਗੇ ਆਏ ਤੇ ਆਖਣ ਲੱਗੇ ਕੇ ਨਿੱਕੇ ਹੁੰਦਿਆਂ ਇੱਕ ਵਾਰ ਆਪਣੇ ਬਾਬੇ ਨਾਲ ਅਨੰਦਪੁਰ ਸਾਹਿਬ ਗਏ ਨੂੰ ਸਜੇ ਦੀਵਾਨ ਵਿਚ ਦੂਰੋਂ ਦਸਮ ਪਿਤਾ ਦੀ ਮਾੜੀ ਜਿਹੀ ਝਲਕ ਪਈ ਸੀ..!ਮਹਾਰਾਜਾ ਰਣਜੀਤ ਸਿੰਘ ਬਜ਼ੁਰਗ ਦੇ ਪੈਰੀਂ ਹੱਥ ਲਾਉਂਦਾ ਹੋਇਆ ਪੁੱਛਣ ਲੱਗਾ ਕੇ ਬਾਬਾ ਜੀ ਜਦੋਂ ਦਰਸ਼ਨ ਹੋਏ ਓਦੋਂ ਤੁਹਾਨੂੰ ਕਿੱਦਾਂ ਲੱਗਾ ਸੀ?ਅੱਗੋਂ ਆਖਣ ਲੱਗੇ ਕੇ ਪੁੱਤ ਲੱਗਣਾ ਕੀ ਸੀ ਬੱਸ ਇੰਝ ਲੱਗਾ ਜਿੱਦਾਂ ਕਿੰਨੇ ਸਾਰੇ ਸੂਰਜਾਂ ਦੀ ਤੇਜ ਰੋਸ਼ਨੀ ਨਾਲ ਮੇਰੀਆਂ ਅੱਖਾਂ ਚੁੰਧਿਆਂ ਗਈਆਂ ਹੋਣ..ਸਾਰੇ ਸਰੀਰ ਦੇ ਲੂ ਕੰਢੇ ਖੜੇ ਹੋ ਗਏ ਸਨ..!ਏਨੀ ਗੱਲ ਸੁਣ ਰਣਜੀਤ ਸਿੰਘ ਭਾਵੁਕ ਹੋ ਉਠਿਆ ਤੇ ਬਾਬੇ ਹੁਰਾਂ ਨੂੰ ਆਖਣ ਲੱਗਾ ਕੇ ਬਾਬਾ ਜੀ ਸੱਚ ਜਾਣਿਓ ਹੁਣ ਤੁਹਾਡੇ ਦਰਸ਼ਨ ਕਰਕੇ ਮੈਨੂੰ ਓਦਾਂ ਹੀ ਮਹਿਸੂਸ ਹੋ ਰਿਹਾ ਜਿਦਾਂ ਤੁਹਾਨੂੰ ਦਸਮ ਪਿਤਾ ਦੀ ਝਲਕ ਪਾ ਕੇ ਮਹਿਸੂਸ ਹੋਇਆ ਹੋਵੇਗਾ..!ਦੀਵਾਨ ਟੋਡਰ ਮੱਲ ਉਹ ਇਨਸਾਨ ਸੀ ਜਿਸਨੇ ਦਸਮ ਪਿਤਾ ਦੇ ਪਿਆਰ ਵਿਚ ਆਪਣੀ ਜਾਨ ਮਾਲ ਅਤੇ ਕਾਰੋਬਾਰ ਦੀ ਪ੍ਰਵਾਹ ਕੀਤੇ ਬਿਨਾ ਸਤਾਰਾਂ ਸੌ ਪੰਜ ਦੇ ਦਿਸੰਬਰ ਮਹੀਨੇ ਵਿਚ ਸ਼ਹੀਦ ਕਰ ਦਿੱਤੇ ਛੋਟੇ ਸਾਹਿਬ ਜਾਂਦੇ ਅਤੇ ਮਾਤਾ ਗੁਜਰੀ ਜੀ ਦੇ ਪੰਜ-ਭੂਤਕ ਸਰੀਰ ਇੱਕ ਬਹੁਤ ਵੱਡੀ ਕੀਮਤ ਚੁਕਾ ਕੇ ਆਪਣੀ ਝੋਲੀ ਪਵਾ ਲਏ ਸਨ..ਸਰਹਿੰਦ ਸ਼ਹਿਰ ਦੇ ਐਨ ਵਿਚਕਾਰ ਉਸ ਦੇਵ ਪੁਰਸ਼ ਦੀ ਖੰਡਰ ਬਣੀ ਹਵੇਲੀ ਨੂੰ ਸਪਰਸ਼ ਕਰਦਿਆਂ ਪਤਾ ਨਹੀਂ ਸਾਡੇ ਅਤੇ ਸਾਡੇ ਪੰਥ ਰਤਨਾਂ ਦੇ ਲੂ-ਕੰਢੇ ਖੜੇ ਕਿਓਂ ਨਹੀਂ ਹੁੰਦੇ..? ਦੱਸਦੇ ਮੁਗਲ ਦਰਬਾਰ ਵਿਚ ਇੱਕ ਹਿੰਦੂ ਵਿਦਵਾਨ ਔਰੰਗਜੇਬ ਦੇ ਬੇਟੇ ਸ਼ਹਿਜ਼ਾਦਾ ਮੋਅੱਜਮ ਨੂੰ ਅਰਬੀ ਅਤੇ ਫਾਰਸੀ ਦੀ ਟਿਊਸ਼ਨ ਪੜਾਇਆ ਕਰਦਾ ਸੀ!ਇੱਕ ਵਾਰ ਅਰਬ ਦੇ ਖਲੀਫਾ ਦੀ ਇੱਕ ਚਿੱਠੀ ਦਾ ਤਰਜੁਮਾਂ ਕਰਨ ਲਈ ਕਿੰਨੇ ਸਾਰੇ ਰਾਜਸੀ ਮਹਾਰਥੀ ਦਰਬਾਰ ਵਿਚ ਸੱਦ ਲਏ ਗਏ..ਉਸ ਹਿੰਦੂ ਵਿਦਵਾਨ ਨੇ ਉਸ ਚਿੱਠੀ ਦਾ ਬਾਕੀਆਂ ਦੇ ਮੁਕਾਬਲੇ ਏਨਾ ਸਟੀਕ ਅਤੇ ਦੁਰੁਸਤ ਤਰਜੁਮਾ ਕੀਤਾ ਕੇ ਔਰੰਗਜੇਬ ਹੱਕਾ-ਬੱਕਾ ਰਹਿ ਗਿਆ..ਸੋਚਣ ਲੱਗਾ ਅਰਬੀ ਭਾਸ਼ਾ ਦਾ ਏਡਾ ਵੱਡਾ ਵਿਦਵਾਨ ਹੋਵੇ ਪਰ ਹੋਵੇ ਗੈਰ-ਇਸਲਾਮਿਕ..ਇਹ ਕਿੱਦਾਂ ਹੋ ਸਕਦਾ?ਫੌਰਨ ਹੁਕਮ ਜਾਰੀ ਕਰ ਦਿੱਤਾ ਕੇ ਜਾਂ ਤੇ ਇਸ ਵਿਦਵਾਨ ਨੂੰ ਮੁਸਲਮਾਨ ਬਣਾ ਲਿਆ ਜਾਵੇ ਤੇ ਜੇ ਇਨਕਾਰ ਕਰਦਾ ਏ ਤਾਂ ਫੇਰ ਸਰ ਕਲਮ ਕਰ ਦਿੱਤਾ ਜਾਵੇ!ਜਾਰੀ ਹੋਏ ਇਸ ਫਤਵੇ ਕਾਰਨ ਸਹਿਮ ਗਏ ਇਸ ਵਿਦਵਾਨ ਨੇ ਆਪਣੇ ਵਿਦਿਆਰਥੀ ਸ਼ਹਿਜ਼ਾਦੇ ਮੋਅੱਜਮ ਨਾਲ ਗੱਲ ਕੀਤੀ..ਆਖਣ ਲੱਗਾ ਕੇ ਸ਼ਹਿਜ਼ਾਦੇ ਕੋਈ ਐਸੀ ਜਗਾ ਦੱਸ ਜਿਥੇ ਮੇਰਾ ਈਮਾਨ ਤੇ ਮੇਰੀ ਜਾਨ ਦੋਵੇਂ ਹੀ ਬਚੇ ਰਹਿਣ..ਮੈਂ ਇਸਲਾਮ ਧਾਰਨ ਨਹੀਂ ਕਰਨਾ ਚਾਹੁੰਦਾ!ਔਰੰਗਜੇਬ ਦਾ ਪੁੱਤਰ ਸ਼ਹਿਜ਼ਾਦਾ ਮੋਅੱਜਮ ਆਖਣ ਲੱਗਾ ਕੇ ਉਸਤਾਦ ਜੀ ਤੁਹਾਡਾ ਈਮਾਨ ਅਤੇ ਜਾਨ ਬੱਸ ਇੱਕੋ ਥਾਂ ਤੇ ਹੀ ਸੁਰਖਿਅਤ ਰਹਿ ਸਕਦੀ ਏ..ਉਸ ਜਗਾ ਦਾ ਨਾਮ ਏ ਅਨੰਦਪੁਰ ਸਾਹਿਬ..!ਉਹ ਓਸੇ ਰਾਤ ਹੀ ਕਿਸੇ ਅਹਿਲਕਾਰ ਦੀ ਮਦਦ ਨਾਲ ਦਿੱਲੀ ਤੋਂ ਨਿੱਕਲਿਆ ਅਤੇ ਰਾਤੋ ਰਾਤ ਅਨੰਦ ਪੁਰ ਸਾਹਿਬ ਪੁੱਜ ਗਿਆ..!ਦਿੱਲੀ ਦਰਬਾਰ ਵਿਚੋਂ ਬਚ ਕੇ ਗੁਰੂ ਗੋਬਿੰਦ ਸਾਹਿਬ ਜੀ ਦੇ ਦਰਬਾਰ ਵਿਚ ਪੁੱਜਾ ਅਰਬੀ ਤੇ ਫਾਰਸੀ ਭਾਸ਼ਾ ਦਾ ਉਹ ਵਿਦਵਾਨ ਆਪਣੇ ਵੇਲੇ ਦੇ ਸਿਰਮੌਰ ਕਵੀ ਭਾਈ ਸਾਬ ਭਾਈ ਨੰਦ ਲਾਲ ਜੀ ਸਨ..ਓਹੀ ਨੰਦ ਲਾਲ ਜਿਹਨਾਂ ਨੇ ਆਪਣੇ ਜੀਵਨ ਕਾਲ ਵਿਚ ਗੁਰੂ ਗੋਬਿੰਦ ਸਿੰਘ ਜੀ ਸਿਫਤ ਸਲਾਹ ਵਿਚ ਕਿੰਨਾ ਕੁਝ ਲਿਖਿਆ!ਦਸਮ ਪਿਤਾ ਦੇ ਦਰਬਾਰ ਦੀ ਸਿਫਤ ਸੀ..ਕਿਸੇ ਨੂੰ ਜਬਰਦਸਤੀ ਜੈਕਾਰੇ ਛੱਡਣ ਲਈ ਮਜਬੂਰ ਨਹੀਂ ਸੀ ਕੀਤਾ ਜਾਂਦਾ ਤੇ ਨਾ ਹੀ ਧੱਕੇ ਨਾਲ ਕਿਸੇ ਦਾ ਧਰਮ ਪਰਿਵਰਤਨ ਹੀ ਕੀਤਾ ਜਾਂਦਾ ਸੀ!

**ਹਰਪ੍ਰੀਤ ਸਿੰਘ ਜਵੰਦਾ**

# ਭਰਮ ਤੇ ਸਿੱਖ

ਅਮਰੀਕਾ ਤੇ ਕੈਨੇਡਾ ਵਿੱਚ ਪੰਜਾਬੀ ਦੇ ਕੋਈ ਵੀਹ-ਬਾਈ ਪੇਪਰ ਨਿਕਲਦੇ ਨੇ । ਇਤਨੇ ਪੰਜਾਬ ਵਿੱਚ ਵੀ ਨਹੀਂ ਨਿਕਲਦੇ। ਇਹ ਸਾਰੇ ਦੇ ਸਾਰੇ ਜੋਤਸ਼ੀਆਂ ਨਾਲ ਭਰੇ ਪਏ ਨੇ ।ਪੰਡਿਤ ਮਹਾਰਾਜ ਨਾਲ, ਪੀਰ ਸਾਈਂ ਨਾਲ, ਸੱਯਦ ਬਾਬੇ ਦੀਆਂ ਮਸ਼ਹੂਰੀਆਂ ਨਾਲ । ਇਹ ਪੰਜਾਬੀ ਦੇ ਪੇਪਰ ਕਿਉਂ ਭਰੇ ਹੋਏ ਨੇ? ਮੈਂ ਰੋਜ਼ਾਨਾ ਉਰਦੂ ਦਾ ਪੇਪਰ ਪੜ੍ਹਦਾ ਹਾਂ, ਮੈਨੂੰ ਧਾਲੀਵਾਲ ਜੀ ਲਿਆ ਦਿੰਦੇ ਨੇ । ਉਹਦੇ 'ਚੋਂ ਮੈਨੂੰ ਜ਼ਰਾ ਪਾਕਿਸਤਾਨ ਤੇ ਹਿੰਦੋਸਤਾਨ ਦੀਆਂ ਖ਼ਬਰਾਂ ਦਾ ਪਤਾ ਚੱਲਦਾ ਹੈ । ਉਹਨਾਂ ਵਿੱਚ ਪੀਰ ਸਾਈਂ ਦੀ ਮਸ਼ਹੂਰੀ ਕੋਈ ਨਹੀਂ । ਉਹਨਾਂ ਵਿੱਚ ਪੰਡਿਤ ਜੀ ਮਹਾਰਾਜ ਵਗੈਰਾ ਦੀ ਕੋਈ ਮਸ਼ਹੂਰੀ ਨਹੀਂ । ਇਹਦਾ ਮਤਲਬ ਇਹਨਾਂ ਕੋਲ ਮੁਸਲਮਾਨ ਨਹੀਂ ਜਾਂਦੇ । ਸਾਰੇ ਸਿੱਖ ਜਾਂਦੇ ਨੇ । ਮੱਥਾ ਟੇਕਦੇ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਤੇ ਜਾਂਦੇ ਪੀਰ ਸਾਈਂ ਕੋਲ ਨੇ । ਆਉਂਦੇ ਗੁਰਦਆਰੇ ਨੇ ਤੇ ਜਾਂਦੇ ਪੰਡਿਤ ਜੀ ਮਹਾਰਾਜ ਕੋਲ ਨੇ ਜਾਂ ਅਜਮੇਰੀ ਬਾਬੇ ਕੋਲ, ਸੱਯਦ ਬਾਬੇ ਕੋਲ। ਵੇਖੋ ਇਹ ਸੱਯਦ ਬਾਬੇ ਰੱਬ ਕੋਲੋਂ ਵੀ ਵੱਡੇ ਹੋ ਗਏ ! ਅੱਖੇ ! ਅਸੀਂ ਤਿੰਨ ਦਿਨਾਂ ਵਿੱਚ ਕੰਮ ਕਰ ਦੇਵਾਂਗੇ ਗਰੰਟੀ ਸ਼ੁਦਾ।ਮੈਂ ਅਰਜ਼ ਕਰਾਂ, ਜੇਕਰ ਸੌ ਬੰਦੇ ਜਾਣ ਔਲਾਦ ਵਾਸਤੇ ਤਾਂ ਨੱਬਿਆਂ ਦੇ ਘਰ ਤਾਂ ਉਂਜ ਹੀ ਔਲਾਦ ਹੋ ਜਾਣੀ ਸੀ । ਇਹ ਕੀੜੇ ਮਕੌੜੇ, ਇਹ ਪਸ਼ੂ ਪੰਛੀ ਕਿਹੜੇ ਧਾਗੇ ਤਵੀਤ ਲੈਂਦੇ ਫਿਰਦੇ ਨੇ, ਇਹਨਾਂ ਦੇ ਵੀ ਔਲਾਦ ਹੁੰਦੀ ਹੈ। ਜਿਹਨਾਂ ਦੇ ਘਰ ਹੋ ਜਾਣਗੇ, ਉਹ ਕਹਿਣਗੇ ਕਿ ਪੀਰ ਸਾਈਂ ਦੀ ਬਖਸ਼ਿਸ਼ ਹੈ । ਬਾਕੀ ਕੰਮਾਂ ਬਾਰੇ ਵੀ ਇੰਜ ਹੀ ਸਮਝ ਲਵੋ । ਮੈਂ ਤੁਹਾਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਬੋਲ ਸੁਣਾਵਾਂ । ਜੇਕਰ ਇਸ 'ਤੇ ਭਰੋਸਾ ਆਏ ਤਾਂ ਗੁਸਤਾਖੀ ਮੁਆਫ਼ ! ਮੈਨੂੰ ਕਹਿਣ ਦੇਣਾ ਤੁਸੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਸਿੱਖ ਹੋ ਤੇ ਇਤਨਾ ਸੁਣ ਕੇ ਵੀ ਕੋਈ ਪੀਰ ਸਾਈਂ ਜਾਂ ਪੰਡਿਤਾਂ ਦੇ ਚੱਕਰਾਂ ਵਿੱਚ ਫਸਦਾ ਹੈ ਤਾਂ ਉਹ ਗੁਰਸਿੱਖ ਨਹੀਂ ਹੈ । ਗੁਰੂ ਨਾਨਕ ਜੀ ਦੇ ਬੋਲ ਤੁਹਾਨੂੰ ਸ੍ਰਵਣ ਕਰਾਵਾਂ, ਬੜੇ ਧਿਆਨ ਨਾਲ ਸੁਣੋ- ਹੋਰ ਕਿਸੇ ਦੇ ਕੁਝ ਹੱਥ ਵਿੱਚ ਨਹੀਂ ਹੈ । "ਦਾਤੈ ਦਾਤਿ ਰਖੀ ਹਥਿ ਅਪਣੈ" ਹੋਰ ਕਿਸੇ ਦੇ ਹੱਥ ਵਿੱਚ ਨਹੀਂ।ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ ।।ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ ।।(ਅੰਗ ੧੬੮)ਕੁਝ ਵੀ ਦੁੱਖ-ਸੁੱਖ ਬਿਨਾਂ ਹਰੀ ਤੋਂ ਨਹੀਂ ਲੱਗਦਾ । ਕੋਈ ਵੀ ਰੋਗ-ਸੋਗ ਹਾਦਸਾ ਬਿਨਾਂ ਪਰਮਾਤਮਾ ਤੋਂ ਨਹੀਂ ਹੁੰਦਾ । ਕੋਈ ਵੀ ਕਲਿ ਕਲੇਸ਼, ਸੁੱਖ ਅਨੰਦ ਬਿਨਾਂ ਪਰਮਾਤਮਾ ਦੇ ਹੱਥਾਂ ਤੋਂ ਹੋਰ ਕਿਸੇ ਪਾਸੇ ਤੋਂ ਨਹੀਂ ਆਉਂਦਾ।ਟੀ.ਵੀ. 'ਤੇ ਇਹਨਾਂ ਦੀ ਐਡ, ਰੇਡੀਓ 'ਤੇ ਇਹਨਾਂ ਦੀ ਐਡ। ਮੈਂ ਤਾਂ ਦੇਖ ਕੇ ਦੰਗ ਰਹਿ ਜਾਨਾਂ ਕਿ ਅਖ਼ਬਾਰ ਪੰਜਾਬੀ ਦੇ ਤੇ ਇਹਨਾਂ ਨਾਲ ਭਰੇ ਹੋਏ ਨੇ । ਇਸ ਤੋਂ ਪਤਾ ਲੱਗਦਾ ਹੈ ਕਿ ਬਹੁਤੀ ਤਾਦਾਦ ਵਿੱਚ ਸਿੰਘ ਜਾਂਦੇ ਨੇ ਅਤੇ ਮੈਨੂੰ ਇਹ ਵੀ ਪਤਾ ਚੱਲਿਆ ਹੈ ਕਿ ਇਕ-ਇਕ ਪੀਰ ਬਾਬਾ, ਇਕ-ਇਕ ਪੰਡਿਤ ਇਕ ਹਫ਼ਤੇ ਵਿੱਚ ਕਮ ਸੇ ਕਮ ਚਾਰ-ਚਾਰ, ਪੰਜ-ਪੰਜ ਹਜ਼ਾਰ ਪੌਂਡ ਐਡ 'ਤੇ ਖ਼ਰਚ ਕਰਦੇ ਨੇ। ਇੰਨਾ ਜ਼ਿਆਦਾ ਖ਼ਰਚ ਕਰਦੇ ਨੇ! ਇਕ ਸੁਆਲ ਪੁੱਛੋ ਤੇ ਪੰਜ ਸੌ ਪੌਂਡ ਮੰਗਦੇ ਨੇ, ਹਜ਼ਾਰ ਡਾਲਰ ਮੰਗਦੇ ਨੇ । ਅਖੇ ! ਤਿੰਨ ਦਿਨਾਂ ਵਿੱਚ ਤੁਹਾਡਾ ਕੰਮ ਕਰ ਦਿਆਂਗੇ । ਇੰਨੀ ਕੱਚੀ ਸ਼ਰਧਾ ਲੋਕਾਂ ਵਿੱਚ ਹੈ ਤੇ ਲੋਕੀਂ ਭਟਕ ਜਾਂਦੇ ਨੇ ।

**ਗਿ. ਸੰਤ ਸਿੰਘ ਜੀ ਮਸਕੀਨ**

# ਪਾਵਨ ਸਰੂਪਾਂ ਦੇ ਮਾਮਲੇ ’ਚ ਸਰਕਾਰ ਨੇ ਅਦਾਲਤ ’ਚ ਖ਼ੁਦ ਮੰਨਿਆ ਕਿ ਕਾਰਵਾਈ ਲਈ ਸਮਰੱਥ ਹੈ ਸ਼੍ਰੋਮਣੀ ਕਮੇਟੀ-ਐਡਵੋਕੇਟ ਧਾਮੀ

## ਕਿਹਾ; ਸ਼੍ਰੋਮਣੀ ਕਮੇਟੀ ਨੇ ਜਾਂਚ ਰਿਪੋਰਟ ਅਨੁਸਾਰ ਕੀਤੀ ਸਖ਼ਤ ਕਰਵਾਈ, ਛੋਟੇ ਤੋਂ ਲੈ ਕੇ ਵੱਡੇ ਮੁਲਾਜ਼ਮਾਂ ਤੱਕ ਕਿਸੇ ਨੂੰ ਨਹੀਂ ਬਖ਼ਸ਼ਿਆ



ਅੰਮ੍ਰਿਤਸਰ, 30 ਦਸੰਬਰ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਸੱਦੀ ਉਚੇਚੀ ਪੱਤਰਕਾਰ ਵਾਰਤਾ ਦੌਰਾਨ ਪੰਜਾਬ ਸਰਕਾਰ ’ਤੇ ਸਵਾਲ ਚੁੱਕਦਿਆਂ ਆਖਿਆ ਕਿ ਸਰਕਾਰ ਵੱਲੋਂ ਉੱਚ ਅਦਾਲਤ ਵਿਚ ਸ਼੍ਰੋਮਣੀ ਕਮੇਟੀ ਨੂੰ ਇਕ ਸਮਰੱਥ ਸੰਸਥਾ ਵਜੋਂ ਪ੍ਰਵਾਨੇ ਜਾਣ ਅਤੇ ਆਪਣੇ ਪ੍ਰਬੰਧਕੀ ਮਾਮਲਿਆਂ ’ਚ ਕਾਰਵਾਈ ਕਰਨ ਲਈ ਅਧਿਕਾਰਤ ਹੋਣ ਦੇ ਦਿੱਤੇ ਪੱਖ ਦੇ ਬਾਵਜੂਦ ਵੀ ਐਫਆਈਆਰ ਦਰਜ ਕਰਨੀ ਉਸ ਦੀ ਸਿਆਸੀ ਮਨਸ਼ਾ ਨੂੰ ਸਾਬਤ ਕਰਦੀ ਹੈ। ਉਨ੍ਹਾਂ ਆਖਿਆ ਕਿ ਸਰਕਾਰ ਅਜਿਹਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਵੀ ਚੁਣੌਤੀ ਦੇ ਰਹੀ ਹੈ, ਕਿਉਂਕਿ ਡਾ. ਈਸ਼ਰ ਸਿੰਘ ਦੀ ਜਾਂਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕਰਵਾਈ ਗਈ ਸੀ ਅਤੇ ਜਾਂਚ ਰਿਪੋਰਟ ਅਨੁਸਾਰ ਸ਼੍ਰੋਮਣੀ ਕਮੇਟੀ ਨੂੰ ਕਾਰਵਾਈ ਦਾ ਆਦੇਸ਼ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹੀ ਕੀਤਾ ਸੀ।ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਡਾ. ਈਸ਼ਰ ਸਿੰਘ ਦੀ ਜਾਂਚ ਰਿਪੋਰਟ ਦੀਆਂ ਸਿਫਾਰਸ਼ਾਂ ਨੂੰ ਇਨ-ਬਿਨ ਲਾਗੂ ਕਰਦਿਆਂ ਛੋਟੇ ਤੋਂ ਲੈ ਕੇ ਹਰ ਵੱਡੇ ਮੁਲਾਜ਼ਮ ’ਤੇ ਕਾਰਵਾਈ ਕਰ ਚੁੱਕੀ ਹੈ, ਜਿਸ ਬਾਅਦ ਸਰਕਾਰ ਅਤੇ ਪੁਲਿਸ ਦੀ ਦਖ਼ਲਅੰਦਾਜ਼ੀ ਦੀ ਕੋਈ ਤੁਕ ਨਹੀਂ ਬਣਦੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਾਈਕੋਰਟ ਦੇ ਜਿਸ ਹੁਕਮ ਦਾ ਜ਼ਿਕਰ ਕਰਕੇ ਐਫਆਈਆਰ ਦਰਜ ਕਰਨ ਨੂੰ ਉਭਾਰ ਰਹੀ ਹੈ, ਉਸ ਵਿਚ ਖ਼ੁਦ ਸਰਕਾਰ ਵੱਲੋਂ ਇਹ ਅਧਿਕਾਰ ਖੇਤਰ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦਾ ਹੋਣ ਬਾਰੇ ਹਲਫ਼ਨਾਮਾ ਦਿੱਤਾ ਗਿਆ ਹੈ। ਇਸ ਬਾਅਦ ਮਾਣਯੋਗ ਅਦਾਲਤ ਨੇ ਪਟੀਸ਼ਨਰ ਨੂੰ ਆਪਣਾ ਜਵਾਬ ਦੇਣ ਲਈ ਆਖਿਆ ਸੀ, ਜਿਸ ਦੀ ਪੇਸ਼ੀ ਦੌਰਾਨ ਪਟੀਸ਼ਨਰ ਦੇ ਵਕੀਲ ਨੇ ਗ੍ਰਹਿ ਸਕੱਤਰ ਵੱਲੋਂ ਡੀਜੀਪੀ ਨੂੰ ਲਿਖਣ ਦਾ ਜ਼ਿਕਰ ਕੀਤਾ ਅਤੇ ਅਦਾਲਤ ਨੇ ਪਟੀਸ਼ਨ ਖਾਰਜ ਕਰ ਦਿੱਤੀ। ਇਸ ਵਿਚ ਕਿਧਰੇ ਵੀ ਐਫਆਈਆਰ ਦਰਜ ਕਰਨ ਦਾ ਆਦੇਸ਼ ਨਹੀਂ ਸੀ। ਇਸ ਤੋਂ ਸਰਕਾਰ ਦੀ ਦੋਹਰੀ ਮਨਸ਼ਾ ਸਪੱਸ਼ਟ ਹੋ ਰਹੀ ਹੈ, ਕਿਉਂਕਿ ਇਕ ਪਾਸੇ ਸਰਕਾਰ ਸ਼੍ਰੋਮਣੀ ਕਮੇਟੀ ਨੂੰ ਸਮਰੱਥ ਸੰਸਥਾ ਹੁੰਦਿਆਂ ਕਾਰਵਾਈ ਲਈ ਯੋਗ ਮੰਨ ਰਹੀ ਹੈ, ਜਦਕਿ ਦੂਜੇ ਪਾਸੇ ਅਦਾਲਤ ਦੇ ਹੁਕਮ ਦਾ ਝੂਠਾ ਬਹਾਨਾ ਬਣਾ ਕੇ ਐਫਆਈਆਰ ਦਰਜ ਕਰ ਕਰਵਾ ਰਹੀ ਹੈ। ਇਹ ਮਾਨ ਸਰਕਾਰ ਦੀ ਸਿਆਸੀ ਚਾਲ ਹੈ, ਜਿਸ ਨੇ ਉਸ ਦੀ ਸਿੱਖ ਮਸਲਿਆਂ ਵਿਚ ਦਖ਼ਲਅੰਦਾਜ਼ੀ ਨੂੰ ਪ੍ਰਤੱਖ ਕੀਤਾ ਹੈ।ਉਨ੍ਹਾਂ ਸੰਨ 2021 ਦੇ ਹਾਈਕੋਰਟ ਵਿਚ ਚੱਲ ਰਹੇ ਇਕ ਹੋਰ ਕੇਸ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਵਿਚ ਵੀ ਤਤਕਾਲੀ ਸਰਕਾਰ ਨੇ ਸ਼੍ਰੋਮਣੀ ਕਮੇਟੀ ਨੂੰ ਆਪਣੇ ਪ੍ਰਬੰਧਕੀ ਮਾਮਲਿਆਂ ਲਈ ਸਿੱਖ ਗੁਰਦੁਆਰਾ ਐਕਟ ਅਨੁਸਾਰ ਫੈਸਲਾਕੁੰਨ ਹੋਣ ਦਾ ਪੱਖ ਦਿੱਤਾ ਸੀ। ਇਸ ਕੇਸ ਵਿਚ ਸਰਕਾਰ ਵੱਲੋਂ ਸਾਫ਼ ਕੀਤਾ ਗਿਆ ਹੈ ਕਿ ਸਿੱਖ ਸੰਸਥਾ ਦੇ ਸਰਵਿਸ ਨਿਯਮਾਂ ਵਿਚ ਦਖ਼ਲ ਦੇਣਾ ਸਰਕਾਰ ਲਈ ਠੀਕ ਨਹੀਂ ਹੈ। ਉਨ੍ਹਾਂ ਆਖਿਆ ਕਿ ਇਹ ਕੇਸ ਅਜੇ ਵੀ ਅਦਾਲਤ ਵਿਚ ਲੰਬਤ ਹੈ। ਉਨ੍ਹਾਂ ਮਾਮਲੇ ਦੇ ਇਕ ਦੋਸ਼ੀ ਸ. ਜੁਝਾਰ ਸਿੰਘ ਵੱਲੋਂ ਪੁਲਿਸ ਕਮਿਸ਼ਨਰ ਪਾਸ ਪਾਈ ਇਕ ਦਰਖਾਸਤ ਦਾ ਜ਼ਿਕਰ ਕਰਦਿਆਂ ਆਖਿਆ ਕਿ ਇਸ ’ਤੇ ਸ਼੍ਰੋਮਣੀ ਕਮੇਟੀ ਦੇ ਦਿੱਤੇ ਪੱਖ ਮਗਰੋਂ ਪੁਲਿਸ ਕਮਿਸ਼ਨਰ ਨੇ ਸ਼੍ਰੋਮਣੀ ਕਮੇਟੀ ਦਾ ਪ੍ਰਬੰਧਕੀ ਮਾਮਲਾ ਹੋਣ ਦਾ ਹਵਾਲਾ ਦਿੰਦਿਆਂ ਇਸ ਨੂੰ ਖ਼ਤਮ ਕਰ ਦਿੱਤਾ ਸੀ। ਸਰਕਾਰ ਦੀਆਂ ਇਨ੍ਹਾਂ ਕਾਰਵਾਈਆਂ ਤੋਂ ਸਪੱਸ਼ਟ ਹੈ ਕਿ ਇਹ ਸ਼੍ਰੋਮਣੀ ਕਮੇਟੀ ਦਾ ਪ੍ਰਬੰਧਕੀ ਮਾਮਲਾ ਹੈ, ਜਿਸ ਵਿਚ ਸਰਕਾਰ ਅਤੇ ਪੁਲਿਸ ਦੀ ਦਖ਼ਲਅੰਦਾਜ਼ੀ ਨਹੀਂ ਬਣਦੀ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਸਿੱਖ ਸੰਸਥਾ ਨੂੰ ਜਾਣਬੁਝ ਕੇ ਉਲਝਾਉਣ ਦੇ ਰਾਹ ’ਤੇ ਹੈ, ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾਵੇਗਾ। ਐਡਵੋਕੇਟ ਧਾਮੀ ਨੇ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸਰਕਾਰ ਨੂੰ ਸਿੱਖ ਸੰਸਥਾ ਦੇ ਮਾਮਲਿਆਂ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਇਹ ਮਾਮਲਾ ਬੇਹੱਦ ਸੰਜੀਦਾ ਹੈ, ਜਿਸ ਪ੍ਰਤੀ ਸ਼੍ਰੋਮਣੀ ਕਮੇਟੀ ਨੇ ਕਿਸੇ ਨਾਲ ਰਿਆਇਤ ਨਹੀਂ ਕੀਤੀ ਅਤੇ ਨਾ ਹੀ ਭਵਿੱਖ ਵਿਚ ਕੀਤੀ ਜਾਵੇਗੀ। ਐਡਵੋਕੇਟ ਧਾਮੀ ਨੇ ਸਪੱਸ਼ਟ ਕਿਹਾ ਕਿ ਸ਼੍ਰੋਮਣੀ ਕਮੇਟੀ ਕਿਸੇ ਵੀ ਦੋਸ਼ੀ ਦਾ ਸਾਥ ਨਹੀਂ ਦੇ ਰਹੀ ਅਤੇ ਇਸ ਸਬੰਧੀ ਕੀਤਾ ਜਾ ਰਿਹਾ ਝੂਠਾ ਪ੍ਰਾਪੇਗੰਡਾ ਵੀ ਬਰਦਾਸ਼ਤ ਨਹੀਂ ਕਰਾਂਗੇ। ਉਨ੍ਹਾਂ ਆਖਿਆ ਜਿਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾ ਚੁੱਕੀ ਹੈ, ਉਨ੍ਹਾਂ ਨੂੰ ਬਚਾਉਣਾ ਸ਼੍ਰੋਮਣੀ ਕਮੇਟੀ ਦਾ ਕਦੇ ਵੀ ਮਕਸਦ ਨਹੀਂ ਰਿਹਾ। ਉਨ੍ਹਾਂ ਇਹ ਗੱਲ ਮੁੜ ਦੁਹਰਾਈ ਕਿ ਸ਼੍ਰੋਮਣੀ ਕਮੇਟੀ ਨੇ ਜਿਸ ਮਤੇ ਰਾਹੀਂ ਕਾਨੂੰਨੀ ਕਾਰਵਾਈ ਨੂੰ ਪ੍ਰਵਾਨਗੀ ਦਿੱਤੀ ਸੀ, ਉਸ ਨੂੰ ਵਿਦਵਾਨਾਂ ਦੀ ਰਾਏ ਅਨੁਸਾਰ ਅਗਲੇ ਮਤੇ ਵਿਚ ਹੀ ਵਾਪਸ ਲੈ ਕੇ ਖ਼ੁਦ ਕਾਰਵਾਈ ਕਰਨ ਦਾ ਫੈਸਲਾ ਲੈ ਲਿਆ ਸੀ। ਇਸੇ ਅਨੁਸਾਰ ਹੀ ਸਾਰੀ ਕਾਰਵਾਈ ਮੁਕੰਮਲ ਕੀਤੀ ਗਈ ਹੈ। ਇਥੋਂ ਤੱਕ ਕਿ ਕਈ ਮੁਲਾਜ਼ਮਾਂ ਵੱਲੋਂ ਹਾਈਕੋਰਟ ਵਿਚ ਕੀਤੀ ਪਹੁੰਚ ’ਤੇ ਮਾਣਯੋਗ ਅਦਾਲਤ ਦੇ ਆਦੇਸ਼ਾਂ ਬਾਅਦ ਵੀ ਸਬੰਧਤ ਮੁਲਾਜ਼ਮਾਂ ਨੂੰ ਬਹਾਲ ਕਰਕੇ ਤੁਰੰਤ ਪ੍ਰਭਾਵ ਤੋਂ ਫਿਰ ਮੁਅੱਤਲ ਕਰ ਦਿੱਤਾ ਗਿਆ ਅਤੇ ਹੁਣ ਤਕ ਕਿਸੇ ਨਾਲ ਵੀ ਤਰਫ਼ਦਾਰੀ ਨਹੀਂ ਕੀਤੀ ਗਈ। ਇਹ ਸਿੱਖ ਸੰਸਥਾ ਦੀ ਵਚਨਬੱਧਤਾ ਸੀ ਅਤੇ ਸਦਾ ਰਹੇਗੀ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੀਏ ਸ. ਸਤਿੰਦਰ ਸਿੰਘ ਕੋਹਲੀ ਬਾਰੇ ਗੱਲ ਕਰਦਿਆਂ ਆਖਿਆ ਕਿ ਇਸ ਮਾਮਲੇ ਵਿਚ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚ ਪੈਸੇ ਰਿਕਵਰ ਕਰਨ ਦਾ ਕੇਸ ਚੱਲ ਰਿਹਾ ਹੈ, ਜਿਸ ਦੀ ਅਗਲੀ ਤਾਰੀਕ ਜਨਵਰੀ 2026 ਵਿਚ ਹੈ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਕਦੇ ਵੀ ਢਿੱਲ ਨਹੀਂ ਕੀਤੀ ਗਈ ਅਤੇ ਫੈਸਲਾ ਹੋਣ ਤੋਂ ਤੁਰੰਤ ਬਾਅਦ ਹੀ ਇਸ ਦੇ ਪੈਰਵਾਈ ਆਰੰਭ ਦਿੱਤੀ ਗਈ ਸੀ। ਅੱਗੇ ਵੀ ਇਸ ’ਤੇ ਸ਼ਿੱਦਤ ਨਾਲ ਕਾਰਵਾਈ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਬੇਅਦਬੀਆਂ ਦੇ ਮਾਮਲੇ ’ਤੇ ਸਿਆਸਤ ਕਰਕੇ ਸਰਕਾਰ ਬਣਾਈ ਸੀ, ਜਿਸ ਵਿਚ ਨਾਕਾਮ ਰਹਿਣ ਮਗਰੋਂ ਅਦਾਲਤਾਂ ਵਿਚ ਆਪਣੇ ਹਲਫ਼ਨਾਮਿਆਂ ਦੇ ਵਿਰੁੱਧ ਜਾ ਕੇ ਸਿਆਸਤ ਕੀਤੀ ਜਾ ਰਹੀ ਹੈ। ਇਥੋਂ ਤਕ ਕਿ ਪੰਜਾਬ ਸਰਕਾਰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਮਾਮਲੇ ਵਿਚ ਵੀ ਚੁੱਪ ਹੈ। ਸ਼੍ਰੋਮਣੀ ਕਮੇਟੀ ਤਾਂ ਇਸ ਨੂੰ ਮਿਲ ਰਹੀ ਪੈਰੋਲ ਅਤੇ ਫਰਲੋ ਰੋਕਣ ਲਈ ਹਾਈਕੋਰਟ ਅਤੇ ਸੁਪਰੀਮ ਕੋਰਟ ਤੱਕ ਪਹੁੰਚੀ ਹੋਈ ਹੈ, ਜਦਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਚੁੱਪ ਕੇ ਉਸ ਦੀ ਅਸਿੱਧੇ ਤਰੀਕੇ ਨਾਲ ਮੱਦਦ ਕਰ ਰਹੀ ਹੈ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰ, ਪ੍ਰੋ. ਕਰਮਜੀਤ ਸਿੰਘ ਦੀ ਕਿਤਾਬ ‘Meditation to Martyrdom’ The Legacy of Sri Guru Teg Bahadur Sahib ਪੰਜਾਬ ਲੋਕ ਭਵਨ ਵਿੱਚ ਰਿਲੀਜ਼




ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਦੁਆਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਤਾਬਦੀ ਨੂੰ ਸਮਰਪਿਤ ਹੁੰਦਿਆਂ ਹੋਇਆਂ ਲਿਖਿਤ ਕਿਤਾਬ “Meditation to Martyrdom: The Legacy of Sri Guru Tegh Bahadur Ji” ਨੂੰ ਪੰਜਾਬ ਲੋਕ ਭਵਨ ਵਿਖੇ ਆਯੋਜਿਤ ਵਾਈਸ-ਚਾਂਸਲਰ ਕਾਨਫਰੰਸ ਦੌਰਾਨ ਪੰਜਾਬ ਦੇ ਮਾਣਯੋਗ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਜੀ ਨੇ ਰਸਮੀ ਤੌਰ 'ਤੇ ਜਾਰੀ ਕੀਤਾ।ਇਸ ਕਾਨਫਰੰਸ ਦੀ ਪ੍ਰਧਾਨਗੀ ਮਾਣਯੋਗ ਰਾਜਪਾਲ ਪੰਜਾਬ ਵੱਲੋਂ ਕੀਤੀ ਗਈ ਅਤੇ ਇਸ ਮੌਕੇ ਉਨ੍ਹਾਂ ਦੇ ਨਾਲ ਸ਼੍ਰੀ ਵਿਵੇਕ ਪ੍ਰਤਾਪ ਸਿੰਘ, ਪ੍ਰਿੰਸੀਪਲ ਸਕੱਤਰ ਰਾਜਪਾਲ, ਅਤੇ ਪੰਜਾਬ ਦੀਆਂ ਸਾਰੀਆਂ ਸਰਕਾਰੀ ਅਤੇ ਪ੍ਰਾਈਵੇਟ ਯੂਨੀਵਰਸਿਟੀਆਂ ਦੇ ਉਪ ਕੁਲਪਤੀ ਅਤੇ ਸਰਹੱਦੀ ਇਲਾਕਿਆਂ ਦੇ ਕਾਲਜਾਂ ਦੇ ਪ੍ਰਿੰਸੀਪਲ ਹਾਜ਼ਰ ਸਨ।ਪ੍ਰਮੁੱਖ ਅਕਾਦਮਿਕ ਸ਼ਖਸੀਅਤਾਂ ਵਿੱਚ ਪ੍ਰੋ. ਰਾਜੀਵ ਸੂਦ (ਡਾਇਰੈਕਟਰ, ਆਈਆਈਟੀ ਰੋਪੜ), ਪ੍ਰੋ. ਅਖਿਲੇਸ਼ ਗੁਪਤਾ (ਸਾਬਕਾ ਸਕੱਤਰ ਯੂਜੀਸੀ ਅਤੇ ਸਕੱਤਰ ਸਾਇੰਸ ਐਂਡ ਇੰਜੀਨੀਅਰਿੰਗ ਰਿਸਰਚ ਬੋਰਡ, ਸੀਨੀਅਰ ਸਲਾਹਕਾਰ, ਵਿਗਿਆਨ ਅਤੇ ਤਕਨਾਲੋਜੀ ਵਿਭਾਗ), ਪ੍ਰੋ. ਜਸਪਾਲ ਸਿੰਘ ਸੰਧੂ (ਮਾਣਯੋਗ ਰਾਜਪਾਲ ਦੇ ਸਲਾਹਕਾਰ ਅਤੇ ਉਪ ਕੁਲਪਤੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ), ਸ਼੍ਰੀ ਲਲਿਤ ਜੈਨ IAS, ਪ੍ਰੋ. ਜੀ. ਐੱਸ. ਗੋਸਲ (ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ), ਪ੍ਰੋ. ਜਗਦੀਪ ਸਿੰਘ (ਉਪ ਕੁਲਪਤੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਪ੍ਰੋ. ਸੰਜੀਵ ਸ਼ਰਮਾ (ਉਪ ਕੁਲਪਤੀ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ), ਪ੍ਰੋ. ਸੁਨੀਲ ਮਿੱਤਲ (ਉਪ ਕੁਲਪਤੀ, ਆਈ. ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ), ਪ੍ਰੋ. ਧਰਮਜੀਤ ਸਿੰਘ (ਉਪ ਕੁਲਪਤੀ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ), ਬਾਬਾ ਫਰੀਦ ਯੂਨੀਵਰਸਿਟੀ ਦੇ ਉਪ ਕੁਲਪਤੀ, ਆਯੁਰਵੈਦਿਕ ਯੂਨੀਵਰਸਿਟੀ ਦੇ ਉਪ ਕੁਲਪਤੀ ਸਮੇਤ ਕਈ ਹੋਰ ਵਿਦਵਾਨ ਅਤੇ ਉੱਚ ਅਧਿਕਾਰੀ ਸ਼ਾਮਲ ਸਨ।ਕਿਤਾਬ ਦੇ ਰਿਲੀਜ਼ ਸਮਾਰੋਹ ਤੋਂ ਪਹਿਲਾਂ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਮਾਣਯੋਗ ਰਾਜਪਾਲ ਪੰਜਾਬ ਦਾ ਦਿਲੋਂ ਧੰਨਵਾਦ ਕੀਤਾ ਅਤੇ ਇਸ ਮਹੱਤਵਪੂਰਨ ਪ੍ਰਕਾਸ਼ਨ ਲਈ ਵਿੱਤੀ ਸਹਿਯੋਗ ਪ੍ਰਦਾਨ ਕਰਨ ਉੱਤੇ ਮਾਣਯੋਗ ਮੁੱਖ ਮੰਤਰੀ ਪੰਜਾਬ ਸ਼੍ਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਪ੍ਰਤੀ ਧੰਨਵਾਦ ਪ੍ਰਗਟ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਪ੍ਰੋ. ਕਰਮਜੀਤ ਸਿੰਘ ਨੇ ਕਿਤਾਬ ਦੀਆਂ ਪੰਜ ਮੁੱਖ ਵਿਸ਼ੇਸ਼ਤਾਵਾਂ ਉਜਾਗਰ ਕੀਤੀਆਂ।ਪਹਿਲਾ, ਇਹ ਕਿਤਾਬ ਤਿੰਨ ਲਿਪੀਆਂ—ਗੁਰਮੁਖੀ, ਦੇਵਨਾਗਰੀ (ਹਿੰਦੀ) ਅਤੇ ਅੰਗਰੇਜ਼ੀ ਅਨੁਵਾਦ ਵਿੱਚ ਪ੍ਰਸਤੁਤ ਕੀਤੀ ਗਈ ਹੈ, ਤਾਂ ਜੋ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਵਿਆਪਕ ਭਾਸ਼ਾਈ ਵਰਗਾਂ ਤੱਕ ਪਹੁੰਚਾਇਆ ਜਾ ਸਕੇ।ਦੂਜਾ, ਇਹ ਕਿਤਾਬ ਇੱਕ ਵਿਲੱਖਣ “ਬੋਲਣ ਵਾਲੀ ਕਿਤਾਬ” ਦੇ ਰੂਪ ਵਿੱਚ ਤਿਆਰ ਕੀਤੀ ਗਈ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 59 ਸ਼ਬਦ ਅਤੇ 57 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ, ਜੋ 15 ਰਾਗਾਂ ਵਿੱਚ ਰਚੇ ਗਏ ਹਨ, ਜਿਨ੍ਹਾਂ ਵਿੱਚ ਆਤਮਿਕ ਮਹੱਤਤਾ ਵਾਲਾ ਦੁਰਲੱਭ ਰਾਗ ਜੈਜਾਵੰਤੀ ਵੀ ਸ਼ਾਮਲ ਹੈ। ਇਹ ਸਾਰੀ ਬਾਣੀ ਹਜ਼ੂਰੀ ਰਾਗੀ ਭਾਈ ਨਰਿੰਦਰ ਸਿੰਘ ਦੀ ਦੇਖ-ਰੇਖ ਹੇਠ ਪ੍ਰਮਾਣਿਕ ਤੌਰ ’ਤੇ ਰਿਕਾਰਡ ਕੀਤੀ ਗਈ ਹੈ ਅਤੇ ਕਿਤਾਬ ਵਿੱਚ QR ਕੋਡ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਰਾਹੀਂ ਪਾਠਕ ਸੁਰਮਈ ਗਾਇਨ ਵਿੱਚ ਗੁਰਬਾਣੀ ਨੂੰ ਸੁਣ ਕੇ ਅਨੰਦ ਮਾਣ ਸਕਦੇ ਹਨ।ਤੀਜਾ, ਕਿਤਾਬ ਵਿੱਚ “ਸਹਿਜ ਤੋਂ ਸ਼ਹੀਦੀ” ਸਿਰਲੇਖ ਹੇਠ ਇਕ ਵਿਲੱਖਣ ਅਧਿਆਇ ਸ਼ਾਮਲ ਹੈ, ਜੋ ਅੰਦਰੂਨੀ ਸੰਤੁਲਨ ਤੋਂ ਪਰਮ ਸ਼ਹਾਦਤ ਤੱਕ ਦੀ ਅਧਿਆਤਮਿਕ ਯਾਤਰਾ ਨੂੰ ਦਰਸਾਉਂਦਾ ਹੈ।ਚੌਥਾ, ਇਸ ਪੁਸਤਕ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ, ਬਾਣੀ ਅਤੇ ਸ਼ਹੀਦੀ ਤੋਂ ਪ੍ਰੇਰਿਤ 13 ਵਿਹਾਰਕ ਸਬਕ ਪ੍ਰਸਤੁਤ ਕੀਤੇ ਗਏ ਹਨ, ਜੋ ਆਧੁਨਿਕ ਜੀਵਨ ਲਈ ਮਾਰਗਦਰਸ਼ਕ ਸਾਬਤ ਹੁੰਦੇ ਹਨ।ਪੰਜਵਾਂ, ਇਹ ਕਿਤਾਬ ਇਤਿਹਾਸ ਨੂੰ ਆਧੁਨਿਕ ਯੁੱਗ ਵਿਚ ਜ਼ਮੀਰ ਨਾਲ ਜੋੜਦੀ ਹੈ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੂੰ ਕੇਵਲ ਇੱਕ ਇਤਿਹਾਸਕ ਘਟਨਾ ਨਹੀਂ, ਸਗੋਂ ਧਾਰਮਿਕ ਆਜ਼ਾਦੀ, ਮਨੁੱਖੀ ਮਰਿਆਦਾ, ਨੈਤਿਕ ਅਗਵਾਈ ਅਤੇ ਅਡੋਲ ਸਾਹਸ ਲਈ ਜੀਵੰਤ ਨੈਤਿਕ ਮਾਪਦੰਡ ਵਜੋਂ ਪੇਸ਼ ਕਰਦੀ ਹੈ।ਪ੍ਰੋ. ਕਰਮਜੀਤ ਸਿੰਘ ਨੇ ਦੱਸਿਆ ਕਿ ਕਿਤਾਬ ਦੋ ਭਾਗਾਂ ਵਿੱਚ ਵੰਡੀ ਹੋਈ ਹੈ। ਪਹਿਲੇ ਭਾਗ ਵਿੱਚ ਪੰਜ ਅਧਿਆਇ ਹਨ, ਜੋ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ, ਦਰਸ਼ਨ ਅਤੇ ਸਦੀਵੀ ਵਿਰਾਸਤ ਨੂੰ ਵਿਸਥਾਰ ਨਾਲ ਦਰਸਾਉਂਦੇ ਹਨ, ਜਦਕਿ ਦੂਜਾ ਭਾਗ ਗੁਰਬਾਣੀ ਨੂੰ ਸਮਰਪਿਤ ਹੈ, ਜਿਸ ਵਿੱਚ ਸ਼ਬਦ ਅਤੇ ਸਲੋਕ ਪਾਠ ਰੂਪ ਵਿੱਚ ਵੀ ਅਤੇ QR ਕੋਡ ਰਾਹੀਂ ਧੁਨੀ ਰਿਕਾਰਡਿੰਗ ਦੇ ਜ਼ਰੀਏ ਵੀ ਉਪਲਬਧ ਹਨ।ਇਸ ਪੁਸਤਕ ਦੇ ਰਿਲੀਜ਼ ਸਮਾਰੋਹ ਵਿੱਚ ਹਾਜ਼ਰ ਅਕਾਦਮਿਕ ਲੀਡਰਸ਼ਿਪ ਦੁਆਰਾ ਵਿਆਪਕ ਤੌਰ 'ਤੇ ਮਾਣਯੋਗ ਵਾਈਸ ਚਾਂਸਲਰ ਸਾਹਿਬ ਦੁਆਰਾ ਕੀਤੇ ਇਸ ਕਾਰਜ ਨਿਵੇਕਲੇ ਕਾਰਜ ਦੀ ਸ਼ਲਾਘਾ ਕਰਦਿਆਂ ਹੋਇਆਂ ਇਸ ਕਿਤਾਬ ਵਿਚਲੀ ਵਿਦਵਤਾਪੂਰਨ ਡੂੰਘਾਈ, ਅਧਿਆਤਮਿਕ ਸੰਵੇਦਨਸ਼ੀਲਤਾ, ਨਵੀਨ ਪੇਸ਼ਕਾਰੀ ਅਤੇ ਸਮਕਾਲੀ ਪ੍ਰਸੰਗਿਕਤਾ ਨੂੰ ਸਲਾਹਿਆ ਗਿਆ।

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੯੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੯੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੯੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।





## ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !



+44 74913 74913
www.khalsaakhbaar.com
editor@khalsaakhbaar.com
@khalsaakhbaar